1920 ਤੋਂ

ਜਿਲਦ 104
ਨੰਬਰ 01

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਮਾਘ ਤੋਂ ੩ ਫੱਗਣ ੨੦੮੦ ਬਿ.
1 to 15 Februrary 2024

# ਸਤਿਜੁਗ



10/-

# ਬਜ਼ੀਦਪੁਰ ਦੇ ਨੌਜਵਾਨ ਵਰਨੀ ਕਰਦੇ ਹੋਏ।



# ਸਤਿਜੁਗ

੧੯ ਮਾਘ ਤੋਂ ੩ ਫੱਗਣ ੨੦੮੦ ਬਿ.

1 ਤੋਂ 15 ਫਰਵਰੀ 2024 ਈ.

ਜਿਲਦ 104, ਨੰਬਰ 1



**ਸਲਾਹਕਾਰ ਮੈਂਬਰ**

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

**ਸੰਪਾਦਕ:** ਗੁਰਲਾਲ ਸਿੰਘ

**Editor:** Gurlal Singh

**ਸਹਿ ਸੰਪਾਦਕ:** ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898
89267-83000, 98155-75099

*Email- Satjug@sribhainisahib.com*


## ਤਤਕਰਾ


* ਸੰਪਾਦਕੀ....4
* ਗੁਰਬਾਣੀ ਵਿਆਖਿਆ....6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ....8
* ਬਸੰਤ ਪੰਚਮੀ
  ਕਮੋਡੋਰ ਗੁਰਨਾਮ ਸਿੰਘ....10
* ਸ੍ਰੀ ਭੈਣੀ ਸਾਹਿਬ ਦੀਆਂ ਕੰਧਾਂ
  ਪ੍ਰਸਿੱਧ ਕਹਾਣੀਕਾਰ ਸੰਤੋਖ ਸਿੰਘ ਧੀਰ....14
* ਸਾਹਿਬੇ-ਏ-ਕਮਾਲਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ
  ਨਰੈਣ ਸਿੰਘ ਜਲੰਧਰ....16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....22
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....25
* ਸਿੱਖੀ ਸਰੂਪ 'ਚ ਵਾਪਸੀ....28
* A 1-Litre Bottle Of Water Contains Some 2,40,000 Plastic Fargments: Study
  Harkirat Singh....29
* Chaar Sahibzade
  Amar Kaur Randhawa....30
* ਕਾਵਿ-ਕਿਆਰੀ....36
* ਬੱਚਿਆਂ ਦਾ ਪੰਨਾ....37
* ਸੁੱਚੇ ਮੋਤੀ....38
* ਖ਼ਬਰਨਾਮਾ....39
* Matrimonial....42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਰੁੱਤ ਚੱਕਰ ਦੀ ਪਹਿਲੀ ਰੁੱਤ ਬਸੰਤ ਹੈ। ਇਸ ਦੇ ਆਗਮਨ ਦੀ ਖੁਸ਼ੀ ਧਰਤੀ ਦੇ ਜ਼ਰੇ-ਜ਼ਰੇ ਵਿਚੋਂ ਸਾਫ਼ ਝਲਕਦੀ ਹੈ। ਕੱਕਰ ਪਾਲੇ ਨਾਲ ਝੰਬੀ ਬਨਸਪਤੀ ਫਿਰ ਅੰਗੜਾਈ ਲੈਂਦੀ ਹੈ। ਬਹੁ ਰੰਗੀ ਫੁੱਲ ਬਾਗਾਂ ਦੇ ਸ਼ਿੰਗਾਰ ਬਣਦੇ ਹਨ। ਪੱਤਝੜ ਦੀ ਮਾਰ ਸਹਿ ਰਹੇ ਰੁੱਖਾਂ ਦੀਆਂ ਟਾਹਣੀਆਂ ਆਪਣੀਆਂ ਨਵੀਆਂ ਲਗਰਾਂ ਨੂੰ ਖੁਸ਼ਾਮਦੀਦ ਕਹਿੰਦੀਆਂ ਹਨ। ਉਚੀਆਂ ਚੋਟੀਆਂ ਦੀਆਂ ਝੀਲਾਂ ਦਾ ਪਾਣੀ ਬਰਫ਼ ਰੂਪ ਨੂੰ ਤਿਆਗ ਅੱਗੇ ਵੱਧਣ ਲਈ ਸਰਕਣਾ ਸ਼ੁਰੂ ਹੁੰਦਾ ਹੈ। ਝਰਨਿਆ ਨੂੰ ਨਵਾਂ ਜੋਬਨ ਚੜਦਾ ਹੈ। ਚਰਾਦਾਂ ਵਿੱਚ ਜਾਨਵਰ ਹਰੇ ਚਾਰੇ ਦੀ ਖੋਜ ਲਈ ਨਿਕਲਦੇ ਹਨ। ਖੇਤਾਂ ਵਿੱਚ ਖੜੀਆਂ ਫਸ਼ਲਾਂ ਨੂੰ ਹਵਾ ਹਲਕੇ-ਹਲਕੇ ਹੱਥਾਂ ਨਾਲ ਝੱਲ ਮਾਰਦੀ ਦਿਸਦੀ ਹੈ। ਇਸ ਰੁੱਤ ਦਾ ਸਿੱਧਾ ਅਸਰ ਮਨੁੱਖੀ ਮਨ ਤੇ ਵੀ ਹੈ। ਗੁਰੂ ਅਮਰਦਾਸ ਜੀ ਬਸੰਤੁ ਰਾਗ ਵਿਚ ਲਿਖਦੇ ਹਨ-

ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥
ਇਨ ਬਿਧਿ ਇਹੁ ਮਨੁ ਹਰਿਆ ਹੋਇ॥

ਜਿਵੇਂ ਬਨਸਪਤੀ ਮਉਲੀ ਤਿਵੇਂ ਹੀ ਮਨੁੱਖੀ ਮਨ ਵੀ ਮਉਲ ਉਠਿਆ। ਵੈਸੇ ਤਾਂ ਇਸ ਰੁੱਤ ਚੱਕਰ ਦਾ ਮਨੁੱਖੀ ਜੀਵਨ ਨਾਲ ਗਹਿਰਾ ਸਬੰਧ ਹੈ। ਰੁੱਤਾਂ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਪ੍ਰਭਾਸ਼ਿਤ ਕਰਦੀਆਂ ਹਨ। ਪਹਿਲੀ ਬਸੰਤ ਰੁੱਤ ਸਾਡੇ ਬਚਪਨ ਦੇ ਸਮੇਂ ਨੂੰ ਜੋ ਕੋਮਲ ਤੇ ਖ਼ੂਬਸੂਰਤ ਹੈ। ਇਸ ਰੁੱਤ ਦੀ ਤਸੀਰ ਬਿਲਕੁਲ ਬਚਪਨ ਵਰਗੀ ਹੈ। ਕੋਸੀ-ਕੋਸੀ, ਨਿਰਮਲ ਅਸਮਾਨ, ਹਰ ਪਾਸੇ ਖਿੜੀ ਬਨਸਪਤੀ, ਚਹਿਕਦੇ ਪੰਛੀ। ਦਰਿਆਵਾਂ ਅਤੇ ਨਦੀਆਂ ਦੀ ਮੱਧਮ ਰਵਾਨੀ। ਇਹ ਸਾਰੇ ਲੱਛਣ ਬਚਪਨ ਵਾਲੇ ਹਨ।

ਇਸ ਤਰ੍ਹਾਂ ਹੀ ਦੂਜੀ ਰੁੱਤ ਗਰਮੀ ਦੀ ਜਵਾਨੀ ਦੇ ਪਹਿਰ ਵਰਗੀ ਹੈ ਤੇ ਤੀਜੀ ਵਰਖਾ ਤਰੁਣ ਅਵਸਥਾ ਵਰਗੀ ਚੌਥੀ ਸਰਦੀ ਬੁਢਾਪੇ ਨੂੰ ਪ੍ਰਭਾਸ਼ਿਤ ਕਰਦੀ ਹੈ ਤੇ ਪਤਝੱੜ ਮਨੁੱਖੀ ਅੰਤ ਨੂੰ। ਜਿਵੇਂ-ਜਿਵੇਂ ਰੁੱਤਾਂ ਬਦਲਦੀਆਂ ਹਨ ਮਨੁੱਖੀ ਮਨ ਇਨ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਵਿੱਚ ਬਾਰਾਂ ਮਾਹ ਕਾਵਿ ਰੂਪ ਇਸ ਬਦਲਦੇ ਮੌਸਮ ਨਾਲ ਮਨ ਦੀ ਹਾਲਤ ਨੂੰ ਬਿਆਨ ਕਰਦਾ ਹੈ। ਬਸੰਤ ਰੁੱਤ ਦੀ ਸੋਭਾ ਹੋਰ ਵੀ ਵੱਧ ਗਈ ਜਦੋਂ ਇਸ ਰੁੱਤ ਵਿੱਚ ਦੀਨ ਦੁਨੀ ਦਾ ਮਾਲਕ ਅਵਤਾਰ ਧਾਰ ਆਇਆ। ਦਾਈ ਰਹਿਮਤਾਂ ਕਸ਼ਮੀਰ ਦੀ ਨੇਕ ਦਿਲ ਇਸਤਰੀ ਸੀ ਜਦੋਂ ਪਹਿਲੀ ਵਾਰ ਉਸ ਦਰਸ਼ਨ ਕੀਤਾ ਤਾਂ ਪਿਤਾ ਜੱਸਾ ਸਿੰਘ ਨੂੰ ਉੱਚੀ ਬੋਲ ਕਿਹਾ-

"ਜਸਿਆ ਤੇਰੇ ਘਰ ਖ਼ੁਦਾ ਆ ਗਿਆ।"

ਇਹ ਦਰਸ਼ਨ ਦੀ ਕਸ਼ਿਸ਼ ਸੀ ਕਿ ਉਹ ਆਪ ਮੁਹਾਰੇ ਕੋਠੇ ਚੜ੍ਹ ਗਈ ਪਿੰਡ ਦੇ ਲੋਕਾਂ ਨੂੰ ਪੱਲਾ ਫੇਰ ਕਹਿਣ ਲੱਗੀ-

"ਉਹ ਲੋਕੋ ਸਾਡੇ ਪਿੰਡ ਵਿੱਚ ਖ਼ੁਦਾ ਆ ਗਿਆ।"

ਜਿਸ ਇਸ ਬਾਲਕ ਰੂਪ ਦੇ ਦਰਸ਼ਨ ਕੀਤੇ ਮੋਹਿਆ ਗਿਆ। ਉਸ ਦੀ ਜੁਬਾਨ ਨੇ ਕਿਹਾ "ਖਾਕੀ ਨਹੀਂ ਨੂਰੀ ਏ।" ਸੰਤ ਧਿਆਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਬਾਰੇ ਲਿਖਦੇ ਹਨ-

ਪਤਲੀ ਸੀ ਮੂਰਤ ਵਾ ਲਾਂਬੀ ਸ਼ੁਭ ਸੂਰਤ ਸੋਂ
ਕਾਮਨਾਂ ਕੇ ਪੂਰਤ ਜਪਾਇ ਰਾਮ ਹਰਿ ਹੈ।
ਸੁੰਦਰ ਪਿਆਰੇ ਨੈਨ ਕਰਤ ਰਸਾਲ ਬੈਨ
ਇਛ ਫ਼ਲ ਦੈਨ ਕਾਮਧੈਨ ਸੁਰ ਤਰ ਹੈ।
ਲਾਂਬੀ ਭੁਜਾ ਜਾਇ ਫਲੀ ਅੰਗੁਰੀ ਰਵਾਇ
ਪਗ ਪੰਕਜ ਸਰਾਹਿ ਤੇ ਮਿਟਾਹਿ ਜਮ ਡਰ ਹੈ।

ਲੋਕ ਨੇੜੇ ਦੇ ਪਿੰਡਾਂ ਵਿਚੋਂ ਵੀ ਦਰਸ਼ਨ ਕਰਨ ਆਏ। ਕਿਸੇ ਸਾਧੂ ਵੇਖ ਕਿਹਾ ਇਹ ਤਾਂ ਬਸੰਤ ਦਾ ਮਾਲਕ ਆ ਗਿਆ। ਬਸੰਤੀ ਮਾਹੀ ਨੇ ਸੱਚਮੁੱਚ ਕੱਕਰ, ਕੋਰੇ ਅਤੇ ਪੱਤਝੜ ਮਾਰੀ ਗੁਲਾਮ ਧਰਤੀ ਨੂੰ ਬਹਾਰ ਬਖ਼ਸ਼ੀ। ਨਵਾਂ ਰੂਪ, ਨਵੀਂ ਦਿਖ, ਨਵੀਂ ਸੋਚ ਜੋ ਆਲ ਜੰਜਾਲ ਕੱਟਣ ਵਾਲੀ ਸੀ। ਇਹ ਸੋਚ ਨੇ ਪੰਜਾਬ ਦੀ ਧਰਤੀ ਤੇ ਸਿੱਖੀ ਨੂੰ ਮੁੜ ਪ੍ਰਪੱਕ ਕੀਤਾ। ਇਹ ਮੂਰਤ ਜਿਸ ਖਿੱਤੇ 'ਚੋਂ ਲੰਘੀ ਨਾਮ, ਬਾਣੀ ਅਤੇ ਨੈਤਿਕਤਾ ਦਾ ਛਿਟਾ ਦੇਂਦੀ ਗਈ। ਬਸੰਤੀ ਮਾਹੀ ਨੇ ਦੇਸ ਦੇ ਨੌਜਵਾਨਾਂ ਨੂੰ ਵੰਗਾਰ ਕਿਹਾ ਜੀਵਨ ਦੀ ਪੱਤਝੱੜ ਖਤਮ ਕਰੋ ਤੇ ਸਦਾ ਬਸੰਤ ਵਾਲੇ ਗੁਰਮੁੱਖੀ ਜੀਵਨ ਦੇ ਧਾਰਨੀ ਬਣੋ।

ਕੁਦਰਤ ਨ ਫੁਲੀ ਮੇਉਂਦੀ ਪਾਕੇ ਬਸੰਤੀ ਚੋਲੜਾ,
ਅਰਸ਼ਾਂ ਤੋਂ ਵਰ੍ਹਦੇ ਫੁਲ ਨੇ ਫਰਸ਼ਾਂ ਤੇ ਜੈ-ਜੈ ਕਾਰ ਏ।
ਔਹ ਆ ਗਿਆ ਔਹ ਆ ਗਿਆ ਮੇਹਰਾਂ ਦਾ ਵਾਲੀ ਆ ਗਿਆ,
ਸਿੱਖੀ ਦਾ ਸੂਰਜ ਚੜ ਪਿਆ ਮਿਟ ਗਈ ਧੁੰਧੂਕਾਰ ਏ।
ਨਾਨਕ ਨੇ ਰੂਪ ਵਟਾਇਆ ਦਸਮੇਸ਼ ਚੋਲਾ ਪਲਟਿਆ,
ਆਯਾ ਧਰਤ ਤੇ ਆਪ ਓਹ ਬਣ ਰਾਮ ਸਿੰਘ ਨਿਰੰਕਾਰ ਏ।

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਲੋਕੀ ਤਿਹੀ ਫਿਰਾਈ ਦੋਹੀ ਆਪਣੀ॥**
ਉਨ੍ਹਾਂ ਨੇ ਤਿੰਨਾਂ ਲੋਕਾਂ ਵਿੱਚ ਹੀ ਆਪਣੀ ਹਕੂਮਤ ਦੀ ਡੌਂਡੀ ਫਿਰਾ ਦਿੱਤੀ ਹੈ।
"The demons have established their authority across the three words" Indra added.

**ਬੈਠੇ ਵਾਇ ਵਧਾਈ ਤੇ ਅਮਰਾਵਤੀ॥**
ਉਹ ਦੇਵਪੁਰੀ ਵਿੱਚ ਬੈਠੇ ਹੋਏ ਖੁਸ਼ੀਆਂ ਦੇ ਵਾਜੇ ਵਜਾ ਰਹੇ ਹਨ।
'They are celebrating and congratulating themselves in Amravati, the city of deities.'

**ਦਿੱਤੇ ਦੇਵ ਭਜਾਈ ਸਭਨਾ ਰਾਕਸਾਂ॥**
ਸਾਰਿਆਂ ਰਾਖਸ਼ਾਂ ਨੇ ਮਿਲ ਕੇ ਉੱਥੋਂ ਦੇਵਤੇ ਭਜਾ ਦਿੱਤੇ ਹਨ।
'The deities have been chased away by all the demons.'

**ਕਿਨੈ ਨ ਜਿੱਤਾ ਜਾਈ ਮਹਿਖੇ ਦੈਤ ਨੂੰ॥**
ਕਿਸੇ ਕੋਲੋਂ ਵੀ ਮਹਿਖਾਸੁਰ ਦੈਂਤ ਨਹੀਂ ਜਿੱਤਿਆ ਗਿਆ।
'None among us can win over Mahikhasur.'

**ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ॥4॥**
ਇਸੇ ਵਾਸਤੇ ਹੇ ਮਹਾਨ ਦੇਵੀ! ਹਾਰ ਕੇ,
ਅਸਾਂ ਦੇਵਤਿਆਂ ਨੇ ਤੇਰੀ ਸ਼ਰਣ ਤੱਕੀ ਹੈ।
'That's why, the deities have come to seek Your protection!' exclaimed Indra.

**ਪਉੜੀ॥**
**ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ॥**
ਦੇਵਤਿਆਂ ਦੇ ਤਰਲੇ ਸੁਣ ਕੇ ਦੁਰਗਾ ਮਖੌਲ ਵਜੋਂ ਖਿੜ-ਖਿੜਾ ਕੇ ਹੱਸੀ।
Listening to thir pleas, Durga laughed in sarcasm (at the incompetence of the deities).

**ਓਹੀ ਸੀਹੁ ਮੰਗਾਇਆ ਰਾਕਸ ਭੱਖਣਾ॥**
ਦੇਵੀ ਨੇ ਸਵਾਰੀ ਲਈ ਉਹ ਸ਼ੇਰ ਮੰਗਵਾ ਲਿਆ, ਜੋ ਰਾਖਸ਼ਾਂ ਨੂੰ ਖਾ ਜਾਣ ਵਾਲਾ ਸੀ ।
She called for her lion, the killer of demons.

**ਚਿੰਤਾ ਕਰਹੁ ਨ ਕਾਈ ਦੇਵਾਂ ਨੂ ਆਖਿਆ॥**
ਦੇਵਤਿਆਂ ਨੂੰ ਕਿਹਾ ਕਿ ਹੁਣ ਤੁਸੀਂ ਕੋਈ ਚਿੰਤਾ ਨਾ ਕਰੋ।
'Do not worry', Durga said to the deities.

**ਰੋਹ ਹੋਈ ਮਹਾਮਾਈ ਰਾਕਸਿ ਮਾਰਣੇ॥5॥**
ਮਹਾਨ ਦੇਵੀ ਰਾਖਸ਼ਾਂ ਦਾ ਖੁਰਾ-ਖੋਜ ਮਿਟਾਉਣ ਲਈ ਕ੍ਰੋਧਵਾਨ ਹੋ ਗਈ।
The great goddess came in anger for destroying the demons.

**ਦੋਹਰਾ॥**

**ਰਾਕਸਿ ਆਏ ਰੋਹਲੇ ਖੇਤ ਭਿੜਨ ਕੇ ਚਾਇ॥**
ਦੇਵੀ ਦੇ ਵੰਗਾਰਨ ਤੇ ਗੁੱਸੇ ਦੇ ਭਰੇ ਰਾਖਸ਼ ਮੈਦਾਨੇ-ਜੰਗ ਵਿੱਚ ਲੜਨ ਦੇ ਸ਼ੌਂਕ ਨਾਲ ਆ ਗਏ।
The enraged demons came in the battlefield, desiring a war.

**ਲਸਕਨਿ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ॥6॥**
ਤਲਵਾਰਾਂ ਅਤੇ ਬਰਛੀਆਂ ਏਨੀਆਂ ਚਮਕ ਰਹੀਆਂ ਸਨ ਕਿ ਸੂਰਜ ਦੀ ਚਮਕ ਵੀ ਫਿੱਕੀ ਪੈ ਗਈ।
The shine of swords and daggers was so strong that the light of sun could not be seen.

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਵੱਜੇ॥**
ਦੋਹਾਂ ਧਿਰਾਂ ਦੀਆਂ ਫੌਜਾਂ ਆਹਮੋ-ਸਾਹਮਣੇ ਹੋ ਗਈਆਂ ਅਤੇ
ਯੁੱਧ ਦੇ ਐਲਾਨ ਵਜੋਂ ਢੋਲ, ਸੰਖ ਤੇ ਨਗਾਰੇ ਵੱਜ ਪਏ।
Front armies of both sides faced each other, and the drums,
conches and trumpets sounded.

**ਰਾਕਸ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥**
ਤਲਵਾਰਾਂ ਅਤੇ ਸੰਜੋਆਂ ਸਜਾਏ ਹੋਏ ਗੁੱਸੈਲ ਰਾਖਸ਼ ਆ ਗਏ।
Decorated with swords and armour, the enraged demons marched forward.

**ਜੁਟੇ ਸਉਹੇਂ ਜੁੱਧ ਨੂੰ ਇਕਿ ਜਾਤ ਨ ਜਾਣਨ ਭੱਜੇ॥**
ਉਹ ਸੂਰਮੇ ਸਾਮ੍ਹਣੇ ਹੋ ਕੇ ਜੰਗ ਲੜ੍ਹਨ ਲੱਗੇ, ਜੋ ਮੈਦਾਨੇ-ਜੰਗ ਵਿੱਚੋਂ ਭੱਜਣਾ ਨਹੀਂ ਸਨ ਜਾਣਦੇ ।
Those warriors, who had the reputation of never running away from a war,
started fighting.

**ਖੇਤ ਅੰਦਰਿ ਜੋਧੇ ਗੱਜੇ॥7॥**
ਸੂਰਮੇ ਮੈਦਾਨੇ-ਜੰਗ ਵਿੱਚ ਲਲਕਾਰੇ ਮਾਰਨ ਲੱਗ ਪਏ।
Warriors roared in the battlefield.

**ਨਾਮਧਾਰੀ ਨਿਤਨੇਮ ਸਟੀਕ ’ਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਐਲਨਾਬਾਦ, ਸਿਰਸਾ** **13-1-2024**



ਸਤਿਕਾਰ ਯੋਗ ਸਾਧ ਸੰਗਤ ਜੀ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਅੰਮ੍ਰਿਤ ਵੇਲੇ ਤੋਂ ਨਾਮ ਸਿਮਰਨ ਕਰਨ ਦਾ ਸੁਭਾਗ ਬਣਿਆ ਹੈ, ਗੁਰਬਾਣੀ ਸੁਣਨ ਦਾ ਇਹ ਸੁਭਾਗ ਬਣਿਆ ਹੈ, ਕਿਰਪਾ ਤੋਂ ਬਿਨ੍ਹਾਂ ਇਹ ਬਣਦਾ ਨਹੀਂ। ਇਕ ਵਾਰ ਉਸ ਸੱਚੇ ਪਾਤਸ਼ਾਹ ਨੂੰ ਯਾਦ ਕਰ ਲਈ ਏ ਜਿਨ੍ਹਾਂ ਨੇ ਸਾਨੂੰ ਗੁਰਬਾਣੀ ਨਾਲ ਜੋੜ ਕੇ ਰੱਖਿਆ, ਜਿਨ੍ਹਾਂ ਨੇ ਨਾਮ ਨਾਲ ਜੋੜ ਕੇ ਰੱਖਿਆ, ਜਿਨ੍ਹਾਂ ਦੀ ਕਿਰਪਾ ਨਾਲ ਅਸੀਂ ਸੁੱਖ ਲੈਂਦੇ ਹਾਂ। ਇਕ ਵਾਰੀ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਮੈਂ ਖਾਸ ਕਰਕੇ ਇਕ ਅਰਜ਼ ਕਰਨੀ ਚਾਹੁੰਦਾ ਸੀ ਇਸ ਵਾਰ ਜਿਸ ਤਰ੍ਹਾਂ ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਦਾ ਯੱਗ ਹੋਇਆ ਤੁਹਾਨੂੰ ਸਭ ਨੂੰ ਪਤਾ ਹੈ। ਅਗਰਵਾਲ ਜੀ ਰਾਹੀਂ ਇਹ ਸਾਨੂੰ ਉਦਮ ਦੇ ਦਿੱਤਾ ਉਹ ਕਿਸੇ ਦੇ ਰਾਹੀਂ ਵੀ ਕਿਰਪਾ ਕਰ ਸਕਦੇ ਹਨ। ਜਿਹੜੇ ਪਹਿਲਾਂ ਕਦੀ ਸੋਧ ਨਹੀਂ ਰੱਖਦੇ ਸਨ ਉਹਨਾਂ ਨੇ ਵੀ ਸੋਧ ਰੱਖੀ। ਸੋਧ ਆਪਣੇ ਵਿਚੋਂ ਮੁਕਦੀ ਜਾ ਰਹੀ ਹੈ। ਸੋਧ ਇਸ ਕਰਕੇ ਜ਼ਰੂਰੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਬਹੁਤ ਹੁੰਦੀਆਂ ਹਨ। ਜਿਸ ਚੀਜ਼ ਵਿੱਚ ਉਨ੍ਹਾਂ ਦੀਆਂ ਖੁਸ਼ੀਆਂ ਹਨ ਉਸ ਚੀਜ਼ ਨਾਲ ਸਾਡਾ ਭਲਾ ਹੁੰਦਾ ਹੈ। ਸੱਚੇ ਪਾਤਸ਼ਾਹ ਸੋਧ ਰੱਖਣ ਵਾਲੇ ਨੂੰ ਬਹੁਤ ਖੁਸ਼ੀਆਂ ਦਿੰਦੇ ਸਨ। ਇਸ ਕਰਕੇ ਇਹ ਦਿਲ ਕਰਦਾ ਰਹਿੰਦਾ ਕਿ ਕੁਝ ਨਾ ਕੁਝ ਅਜਿਹਾ ਚਲਦਾ ਰਹੇ ਜਿਸ ਨਾਲ ਸਾਧ ਸੰਗਤ ਜੁੜਦੀ ਰਹੇ ਨਾਮ ਸਿਮਰਨ ਹੁੰਦਾ ਰਹੇ ਅਤੇ ਗੁਰਬਾਣੀ ਦਾ ਪਾਠ ਹੁੰਦਾ ਰਹੇ। ਅਗਲੇ ਸਾਲ ਤਰੀਕਾ ਦਾ ਕੁਝ ਹਿਸਾਬ ਕਰ ਲਵਾਂਗੇ ਕਿਉਂਕਿ ਇਸ ਵਾਰ ਜ਼ਮੀਂਦਾਰਾਂ ਦਾ ਕੁਝ ਰੁਝੇਵਾਂ ਸੀ। ਅਗਲੇ ਸਾਲ ਸੋਚਦੇ ਸੀ ਕਿ ਅਖੰਡ ਪਾਠ ਜਾਂ ਸਧਾਰਨ ਪਾਠ ਕੀਤੇ ਜਾਣ।

ਮੇਰਾ ਇਹ ਜੀ ਕਰਦਾ ਹੈ ਕਿ ਇਹ ਕੋਸ਼ਿਸ਼ ਕੀਤੀ ਜਾਵੇ ਕਿ ਇਸ ਬਹਾਨੇ ਪਾਠਾਂ ਦਾ ਅਭਿਆਸ ਹੋ ਜਾਵੇਗਾ। ਇਥੇ ਗੁਰਮੀਤ ਸਿੰਘ ਹੁਰੀਂ ਅਤੇ ਉਨ੍ਹਾਂ ਦੇ ਸਾਥੀ ਕਰਵਾਉਂਦੇ ਵੀ ਰਹੇ ਹਨ। ਸੰਤ ਨਗਰ ਸੂਬਾ ਜੀ ਕਿਰਪਾ ਕਰਦੇ ਹਨ। ਰਾਣੀਆਂ ਜਸਵਿੰਦਰ ਸਿੰਘ ਕਿਰਪਾ ਕਰਦਾ ਹੈ। ਜੇ ਆਪਾਂ ਕੋਸ਼ਿਸ਼ ਕਰੀਏ ਤੇ ਓਦੋਂ ਤੱਕ ਆਪਣੇ ਨੌਜਵਾਨ ਤੇ ਬੱਚੇ ਪਾਠ ਕਰਨ ਜੋਗੇ ਹੋ ਜਾਣ। ਅਗਲੇ ਸਾਲ ਇਹ ਯੱਗ ਇਸ ਤਰ੍ਹਾਂ ਦਾ ਕਰਾਂਗੇ ਜਿਹੜੇ ਪਾਠੀ ਹੋਣ ਗੇ ਉਹ ਅਖੰਡ ਪਾਠ ਕਰ ਲੈਣਗੇ। ਜਿਹੜੇ ਅਖੰਡ ਪਾਠੀ ਨਾ ਹੋਣਗੇ ਉਹ ਸਾਡੇ ਨਾਲ ਸਹਿਜ ਪਾਠ ਮਿਲਕੇ ਉਥੇ ਆਪਾ ਕਰਾਂਗੇ। ਜਿਨ੍ਹਾਂ ਨੂੰ ਪੰਜਾਬੀ ਆਉਂਦੀ ਹੈ ਉਹਨਾਂ ਲਈ ਗੁਰਬਾਣੀ ਸਿੱਖਣੀ ਕੋਈ ਔਖੀ ਨਹੀਂ। ਜਿਹੜੇ ਪੰਜਾਬੀ ਬਹੁਤ ਚੰਗੀ ਤਰ੍ਹਾਂ ਪੜ੍ਹਦੇ ਹਨ ਉਹ ਕੋਸ਼ਿਸ਼ ਕਰਨ ਤਾਂ ਇਕ ਮਹੀਨੇ ਵਿੱਚ ਹੀ ਪਾਠ ਕਰਨ ਲੱਗ ਜਾਂਦੇ ਹਨ। ਆਪਾਂ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਏ ਕਿਉਂਕਿ ਖੁਸ਼ੀਆਂ ਵਿੱਚ ਹੀ ਸਾਰਾ ਕੁਝ ਹੈ।

ਇਕ ਦੋ ਗੱਲਾਂ ਮਰਿਯਾਦਾ ਦੀ ਵੀ ਕਰਨਾ ਚਾਹੁੰਦਾ ਹਾਂ। ਸੰਤ ਮੰਗਲ ਸਿੰਘ ਅਰਸ਼ੀਫਰਿਸ਼ਤਾ ਹੁਰਾਂ ਤੋਂ ਪੁੱਛਿਆਂ ਗਿਆ ਕਿ ਨਾਮਧਾਰੀਆਂ ਦੀ ਗਿਣਤੀ ਕਿੰਨੀ ਹੈ? ਉਨ੍ਹਾਂ ਨੇ ਕਿਹਾ ਗਿਣਤੀ ਸਿਆਲ ਦੀ ਪੁੱਛਦੇ ਹੋ ਜਾਂ ਗਰਮੀਆਂ ਦੀ? ਸਿਆਲ ਵਿੱਚ ਗਿਣਤੀ ਘੱਟ ਜਾਂਦੀ ਹੈ। ਮੈਨੂੰ ਵੀ ਮਹਿਸੂਸ ਹੁੰਦਾ ਹੈ ਕਿ ਕਈ ਘਰਾਂ ਵਿੱਚ ਜਾਣੇ ਹਾਂ, ਬੱਚਿਆਂ ਨੇ ਇਸ਼ਨਾਨ ਨਹੀਂ ਕੀਤਾ ਹੁੰਦਾ, ਕਈ ਸਿੰਘਾਂ ਨੇ ਵੀ ਇਸ਼ਨਾਨ ਨਹੀਂ ਕੀਤਾ ਹੁੰਦਾ। ਉਦੋਂ ਤੇ ਜਦੋਂ ਸੰਤਾਂ ਨੇ ਬਚਨ ਕੀਤਾ ਸੀ ਪਾਣੀ ਠੰਢਾ ਹੁੰਦਾ ਸੀ ਹੁਣ ਤੇ ਘਰਾਂ ਵਿੱਚ ਗੀਜਰ ਵੀ ਲੱਗੇ ਹਨ। ਇਹ ਕਿਰਪਾ ਕਰਿਆ ਕਰੋ ਕੇ ਸਾਡੇ ਚੋਂ ਇਸ਼ਨਾਨ ਨਾ ਮੁੱਕ ਜਾਵੇ, ਦੂਜਾ ਸਣੇਕੇਸ਼ੀ ਇਸ਼ਨਾਨ ਨਾ ਮੁੱਕ ਜਾਵੇ। ਕੱਲ੍ਹ ਕਿਸੇ ਦੇ ਘਰੇ ਗਏ ਸੀ ਤਾਂ ਉਨ੍ਹਾਂ ਨੇ ਕਿਹਾ ਪੱਗ ਬੰਨ ਦਿਉ ਤੇ ਜਦ ਪੁੱਛਿਆ ਉਨ੍ਹਾਂ ਨੇ ਇਸ਼ਨਾਨ ਨਹੀਂ ਕੀਤਾ

ਸੀ। ਸਾਡੀ ਆਦਤ ਬਣੀ ਹੈ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਰਹਿ ਕੇ, ਕੇ ਇਸ਼ਨਾਨ ਕਰਨਾ ਜ਼ਰੂਰੀ ਹੈ। ਇਹ ਕਿਰਪਾ ਕਰਿਆ ਕਰੋ ਕਿ ਸਾਧ ਸੰਗਤ ਸਣੇਕੇਸ਼ੀ ਇਸ਼ਨਾਨ ਕਰਿਆ ਕਰੋ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿੱਚ ਵੀ ਤੁਸੀਂ ਸੁਣਿਆ ਹੋਣਾ ਹੈ "ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਸੀ ਕਿ ਹੱਥ ਮਾਜਣ ਦਾ ਵੀ ਕੰਮ ਮੁਕਦਾ ਜਾਂਦਾ ਹੈ।" ਇਹਦੇ ਤੇ ਬਹੁਤਾ ਜ਼ੋਰ ਨਹੀਂ ਲੱਗਦਾ, ਕੋਈ ਮੁੱਲ ਨਹੀਂ ਲੱਗਦਾ। ਇਹ ਗਰੀਬ ਨਿਵਾਜ਼ ਜੀ ਦੀ ਮਰਿਯਾਦਾ ਬਣਾਈ ਹੈ ਹੱਥ ਵੀ ਮਾਂਜ ਲਿਆ ਕਰੋ। ਇਹ ਕੋਸ਼ਿਸ਼ ਕਰੋ ਕੇ ਅੱਗੋ ਇਹ ਬੱਚਿਆਂ ਨੂੰ ਵੀ ਚੀਜ਼ਾਂ ਸਿਖਾਈਆਂ ਜਾਣ। ਕੁਝ ਸਮਾਜ ਨੇ ਉਨ੍ਹਾਂ ਵਿੱਚ ਜੂਠ ਸ਼ਬਦ ਹੀ ਨਹੀਂ ਹੈ। ਤੁਸੀਂ ਅੰਗਰੇਜ਼ੀ ਵਿੱਚ ਵੀ ਦੇਖੋਗੇ ਤਾਂ ਝੂਠ ਵਾਸਤੇ ਕੋਈ ਸ਼ਬਦ ਨਹੀਂ ਲੱਭੇਗਾ ਪਰ ਇਹ ਸਾਡੀਆਂ ਮਰਿਯਾਦਾਵਾਂ ਬਣੀਆ ਹਨ। ਬਹੁਤ ਸਾਰੇ ਸੱਜਣ, ਨੌਜਵਾਨ, ਬੱਚੇ ਵੀ ਕੋਈ ਚੀਜ਼ ਖਾਂਦੇ- ਖਾਂਦੇ ਹੀ ਉਸੇ ਹੱਥ ਨਾਲ ਵਿਚੋਂ ਚੀਜ਼ ਲੈ ਲੈਂਦੇ ਹਨ। ਇਹ ਬਹੁਤਿਆਂ ਨੂੰ ਪਤਾ ਹੀ ਨਹੀਂ ਕਿ ਹੱਥ ਜੂਠਾ ਹੋ ਗਿਆ ਹੈ। ਕੱਲ੍ਹ ਅਸੀਂ ਗੱਲ ਕਰ ਰਹੇ ਸੀ ਸਾਡੇ ਮਾਤਾ ਜੀ ਦੀ, ਬੇਬੇ ਜੀ ਦੀ, ਕਿਸੇ ਵੇਲੇ ਹੱਥ ਵਿੱਚ ਫੜ੍ਹ ਕੇ ਚੀਜ਼ ਖਾਣੀ ਉਨ੍ਹਾਂ ਨੇ ਆਖਣਾ "ਡੌਰੂਆ ਤੈਨੂੰ ਪਤਾ ਨਹੀਂ ਲੱਗਦਾ।" ਉਹ ਚੀਜ਼ਾ ਉਹ ਮਰਿਯਾਦਾ ਸਾਡੇ ਵਿਚੋਂ ਖ਼ਤਮ ਨਾ ਹੋ ਜਾਵੇ। ਅਸੀਂ ਜੇ ਖਾ ਰਹੇ ਹਾਂ ਤਾਂ ਜੂਠਾ ਹੱਥ ਵਿੱਚ ਨਹੀਂ ਲਾਉਣਾ। ਥੌੜ੍ਹਾ ਥੌੜ੍ਹਾ ਇਨ੍ਹਾਂ ਚੀਜ਼ਾ ਦਾ ਧਿਆਨ ਰੱਖੋ ਤਾਂ ਕਿ ਇਹ ਮਰਿਯਾਦ ਸਾਡੇ ਵਿਚੋਂ ਖ਼ਤਮ ਨਾ ਹੋ ਜਾਵੇ। ਜੇ ਤਸੀਂ ਛੋਟੇ ਬੱਚਿਆਂ ਨੂੰ ਸਿਖਾ ਦਵੋਗੇ ਤਾਂ ਸੌਖਾ ਹੋ ਜਾਵੇਗਾ। ਜਦ ਬੱਚੇ ਵੱਡੇ ਹੋ ਜਾਂਦੇ ਹਨ ਫਿਰ ਨਹੀਂ ਸਿੱਖੀਆਂ ਜਾਂਦੀਆਂ।

ਇਕ ਹੋਰ ਚੀਜ ਜਦੋਂ ਕੋਈ ਵੀ ਜੰਗਲ ਮਦਾਨ ਜਾਂਦੇ ਹੋ, ਜਲ ਵਰਤਣ ਜਾਂਦੇ ਹੋ ਕੇਸ ਢੱਕ ਕੇ ਜਾਇਆ ਕਰੋ। ਬਹੁਤੇ ਬੱਚੇ ਕੇਸ ਨਹੀਂ ਢੱਕਦੇ। ਸਾਡੇ ਵਾਸਤੇ ਤੇ ਸਭ ਤੋਂ ਵੱਡਾ ਹੁਕਮ ਸੱਚੇ ਪਾਤਸ਼ਾਹ ਜੀ ਦਾ ਹੀ ਹੈ। ਗਰੀਬ ਨਿਵਾਜ਼ ਹੁਕਮ ਕਰਦੇ ਸੀ ਸਾਡੇ ਕੇਸਾ ਵਿੱਚ ਅੰਮ੍ਰਿਤ ਪਿਆ ਹੈ, ਇਸ ਕਰਕੇ ਅਸੀਂ ਕਿਸੇ ਵੀ ਉਸ ਤਰ੍ਹਾਂ ਦੇ ਸਥਾਨ ਤੇ ਜਾਂਦੇ ਹਾਂ ਤਾਂ ਸਾਡੇ ਕੇਸ ਢੱਕੇ ਹੋਣ। ਸਾਡੇ ਕੇਸਾ ਦੀ ਬੇਅਦਬੀ ਨਾ ਹੋਵੇ। ਸੋ ਏਹੋ ਜਿਹੀਆਂ ਛੋਟੀਆਂ-ਛੋਟੀਆਂ ਮਰਿਯਾਦਾਵਾਂ ਨੇ। ਤੁਸੀਂ ਜਿਨ੍ਹਾਂ ਨੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਪਤਾ ਵੀ ਹੈ। ਇਹ ਮਰਿਯਾਦਾ ਤੁਸੀਂ ਆਪਣੇ ਬੱਚਿਆਂ ਨੂੰ ਵੀ ਦੱਸੋ। ਸਾਡੇ ਤੇ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਕਿਰਪਾ ਕੀਤੀ ਹੈ ਕਿ ਸਿੱਖੀ ਨੂੰ ਬਹੁਤ ਸਾਂਭ ਕੇ ਰੱਖਿਆ ਹੈ। ਇਹ ਸਿੱਖੀ ਸਾਡੇ ਵਿਚੋਂ ਖ਼ਤਮ ਨਾ ਹੋ ਜਾਵੇ। ਬੱਚੇ ਕਨੇਡਾ ਜਾਂਦੇ ਹਨ, ਅਸਟ੍ਰੇਲਿਆ ਜਾਂਦੇ ਹਨ, ਜਿਥੇ ਵੀ ਜਾਣ ਉਹ ਸਿੱਖੀ ਨਾਲ ਲੈ ਕੇ ਜਾਣ ਤੇ ਸਾਨੂੰ ਸਿੱਖ ਹੋਣ ਦਾ ਮਾਨ ਹੋਵੇ। ਬੜੀ ਕਿਰਪਾ ਕਰਦੀ ਹੈ ਸਾਧ ਸੰਗਤ ਅਰਜ਼ ਮੰਨਦੀ ਹੈ।

ਹੁਣੇ ਗੁਰਮੀਤ ਨੇ ਵੀ ਗੱਲ ਕੀਤੀ ਸੀ। ਧਰਮ ਵਿਸ਼ਾ ਹੀ ਸਾਡੇ ਮਨ ਦਾ ਹੈ। ਸਾਡਾ ਮਨ ਕਿੰਨਾ ਚੰਗਾ ਬਣਦਾ ਹੈ। ਅਸੀਂ ਨਾਮ ਸਿਮਰਨ ਕਰਦੇ ਹਾਂ, ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਕਿ ਮਨ ਚੰਗਾ ਹੋ ਸਕੇ। ਇਸ ਕਰਕੇ ਗੁਰਬਾਣੀ ਨੂੰ ਸਮਝ ਕੇ ਅਸੀਂ ਪੜ੍ਹੀਏ। ਨਾਮ ਸਿਮਰਨ ਕਰੀਏ, ਮਨ ਲਾ ਕੇ ਕਰੀਏ ਤਾਂ ਕਿ ਸਾਡਾ ਮਨ ਚੰਗਾ ਹੋ ਸਕੇ। ਕਿਉਂਕਿ ਦੁਖ ਸੁਖ ਵੀ ਸਾਰੇ ਮਨ ਨਾਲ ਹੀ ਹਨ। ਸੱਚੇ ਪਾਤਸ਼ਾਹ ਕਿਰਪਾ ਕਰਨ। ਬਖ਼ਸ਼ਿਸ਼ ਕਰਨ ਕਿਉਂਕਿ ਇਹ ਹੋਣਾ ਉਨ੍ਹਾਂ ਦੀ ਕਿਰਪਾ ਨਾਲ ਹੀ ਹੈ। ਇਹ ਸਾਡਾ ਫਰਜ਼ ਹੈ ਜੋ ਉਨ੍ਹਾਂ ਨੇ ਸਾਨੂੰ ਸਿਖਾਇਆ ਅਸੀਂ ਕਰੀਏ।

ਬਹੁਤ ਸਾਰੀਆਂ ਅਰਜ਼ਾ ਤੇ ਮੈਂ ਆਪਣੀਆਂ ਗਲਤੀਆਂ ਤੋਂ ਹੀ ਸਿੱਖ ਕੇ ਕਰਦਾ ਹੁੰਦਾ ਹਾਂ। ਆਪਾਂ ਅਰਦਾਸ ਕਰਦੇ ਹਾਂ, ਬਹੁਤ ਵਾਰੀ ਹੁੰਦਾ ਹੈ ਕਿ ਆਪਾਂ ਰੱਟਾਂ ਲਾਇਆ ਹੁੰਦਾ ਹੈ ਤੇ ਅਰਦਾਸ ਕਰ ਲਈ ਦੀ ਹੈ। ਆਪਾਂ ਅਰਦਾਸ ਜੁੜ ਕੇ ਕਰੀਏ। ਆਪਾਂ ਜਦ ਜੁੜ ਕੇ ਮੰਗਾਂਗੇ ਤਾਂ ਸਾਡੀਆਂ ਅਰਦਾਸਾਂ ਵੀ ਪੂਰੀਆਂ ਹੋ ਜਾਣਗੀਆਂ। ਅਰਦਾਸ ਵਿਚ ਇਹ ਜ਼ਰੂਰ ਮੰਗਿਆ ਕਰੀਏ ਬਖ਼ਸ਼ਿਸ਼ ਕਰ ਸੱਚੇ ਪਾਤਸ਼ਾਹ ਤੇਰੇ ਸਿੱਖ ਬਣੇ ਰਹੀਏ ਜਿਵੇਂ ਦੇ ਤੈਨੂੰ ਚੰਗਾ ਲੱਗੀਏ ਓਵੇ ਦੇ ਬਣੇ ਰਹੀਏ। ਅਸੀਂ ਸਿੱਖ ਬਣੇ ਰਹੀਏ। ਤੇਰਾ ਨਾਮ ਸਿਮਰਨ ਕਰਦੇ ਰਹੀਏ। ਸੋ ਇਹ ਮੰਗ ਮੰਗਦੇ ਰਹੀਏ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚੋਂ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹੁੰਦੇ ਸਨ ਜਿਹੜੇ ਪਾਸੇ ਆਪਣਾ ਮਨ ਲੱਗਾ ਹੁੰਦਾ ਤੇ ਅਸੀਂ ਮੰਗਦੇ ਰਹਿੰਦੇ ਹਾਂ ਉਹ ਮੰਗ ਪੂਰੀ ਹੋ ਜਾਂਦੀ ਹੈ। ਪਹਿਲੀ ਚੀਜ਼ ਹੈ ਕਿ ਸਾਡੀਆਂ ਮੰਗਾਂ ਠੀਕ ਹੋ ਜਾਣ। ਸੋ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਦੇ ਹੋਏ ਇੰਨੀਆਂ ਅਰਜ਼ਾਂ ਕਰਕੇ ਆਗਿਆ ਲੈਂਦਾ ਹਾਂ।

**ਸਤਿ ਸ੍ਰੀ ਅਕਾਲ**

# ਬਸੰਤ ਪੰਚਮੀ



**ਲੇਖਕ – ਕਮੋਡੋਰ ਗੁਰਨਾਮ ਸਿੰਘ,**
**ਰਿਟਾਇਟਡ, ਇੰਡੀਅਨ ਨੇਵੀ**
**9818159944**

ਬਸੰਤ ਪੰਚਮੀ ਦਾ ਤਿਉਹਾਰ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਹ ਹਰ ਸਾਲ ਮਾਘ ਦੇ ਮਹੀਨੇ ਦੇ ਸ਼ੁਕਲ ਪੱਖ ਦੇ ਪੰਜਵੇਂ ਦਿਨ ਨੂੰ ਮਨਾਇਆ ਜਾਂਦਾ ਹੈ। ਅੰਗ੍ਰੇਜ਼ੀ ਕਲੰਡਰ ਧਰਤੀ ਦੀ ਸੂਰਜ ਦੁਆਲੇ ਇਕ ਪਰਿਕਰਮਾ ਕਰਨ ਦੇ ਸਮੇਂ ਨੂੰ ਸਾਲ ਮੰਨ ਕੇ ਬਣਾਇਆ ਗਿਆ ਹੈ। ਭਾਰਤ ਵਿਚ ਚੰਦਰਮਾ ਦੇ ਧਰਤੀ ਦੁਆਲੇ ਇਕ ਪਰਿਕਰਮਾ ਕਰਨ ਦੇ ਸਮੇਂ ਨੂੰ ਇਕ ਮਹੀਨਾ ਮੰਨਿਆ ਜਾਂਦਾ ਹੈ। ਇਹ ਹੀ ਕਾਰਣ ਹੈ ਕਿ ਅੰਗ੍ਰੇਜ਼ੀ ਕਲੰਡਰ ਭਾਰਤ ਵਿਚ ਪ੍ਰਚੱਲਤ ਦੇਸੀ ਜੰਤਰੀਆਂ ਨਾਲ ਮੇਚ ਨਹੀਂ ਖਾਂਦਾ।

ਇਸ ਲਈ ਅੰਗ੍ਰੇਜ਼ੀ ਕਲੰਡਰ ਅਨੁਸਾਰ ਬਸੰਤ ਪੰਚਮੀ ਹਰ ਸਾਲ ਕਿਸੇ ਇਕ ਮਿਥੀ ਤਾਰੀਖ ਨੂੰ ਨਹੀਂ ਮਨਾਈ ਜਾਂਦੀ। ਇਸ ਦੀ ਤਿਥੀ ਜਨਵਰੀ ਦੇ ਅੰਤ ਤੋ ਲੈ ਕੇ ਫ਼ਰਵਰੀ ਮੱਧ ਤੱਕ, ਆਉਂਦੀ ਹੈ। ਸੰਨ 2023, ਨੂੰ ਬਸੰਤ ਪੰਚਮੀ 26 ਜਨਵਰੀ ਨੂੰ ਮਨਾਈ ਗਈ ਸੀ। ਪਰ ਸੰਨ 2024 ਵਿਚ ਬਸੰਤ ਪੰਚਮੀ ਦਾ ਪਰਵ 14 ਫ਼ਰਵਰੀ 2024, ਦਿਨ ਬੁੱਧਵਾਰ ਨੂੰ ਮਨਾਇਆ ਜਾਵੇਗਾ। ਇਸ ਨੂੰ ਸਰਦੀਆਂ ਦਾ ਤਿਉਹਾਰ ਮੰਨਿਆ ਜਾਂਦਾ ਹੈ, ਪਰ ਸਿਆਣੇ ਲੋਕ ਬਸੰਤ ਦੀ ਰੁੱਤ ਨੂੰ ਮਿੱਠੀ ਰੁੱਤ ਵੀ ਆਖਦੇ ਹਨ।

ਨਾਮਧਾਰੀ ਸਿੱਖਾਂ ਵਿਚ ਬਸੰਤ ਪੰਚਮੀ ਦਾ ਵਿਸ਼ੇਸ਼ ਮਹੱਤਵ ਹੈ। ਨਾਮਧਾਰੀ ਪ੍ਰਥਾਇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸੰਨ 1816 ਦੀ ਬਸੰਤ ਪੰਚਮੀ ਵਾਲੇ ਦਿਨ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਭੈਣੀ-ਰਾਈਆਂ ਪਿੰਡ ਵਿਖੇ ਹੋਇਆ ਸੀ। ਇਸ ਪਿੰਡ ਦੇ ਨਾਲ ਹੀ ਭੈਣੀ ਪਿੰਡ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਬਣਿਆ। ਇਸ ਪਿੰਡ ਨੂੰ ਸ਼ਰਧਾ, ਆਦਰ ਅਤੇ ਸਤਿਕਾਰ ਵੱਜੋਂ ਭੈਣੀ ਸਾਹਿਬ ਆਖਿਆ ਜਾਂਦਾ ਹੈ। ਹੁਣ ਸਤਿਗੁਰੂ ਉਦੇ ਸਿੰਘ ਜੀ ਗੱਦੀ ਤੇ ਬਿਰਾਜਮਾਨ ਹਨ ਅਤੇ ਭੈਣੀ ਸਾਹਿਬ ਨਾਮਧਾਰੀ ਪਰੰਪਰਾਵਾਂ ਨਾਲ ਸੰਬੰਧਤ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦੇ ਪ੍ਰਮੁੱਖ ਸੰਚਾਲਨ ਕੇਂਦਰ ਵਾਂਗ ਸਥਾਪਤ ਹੋ ਚੁਕਿਆ ਹੈ। ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਭੈਣੀ ਸਾਹਿਬ ਵਿਚ ਵਿਸ਼ੇਸ਼ ਉਤਸਾਹ ਅਤੇ ਉਮਾਹ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ। ਗੁਰਬਾਣੀ ਦਾ ਰਾਗਮਈ ਕੀਰਤਨ ਪ੍ਰਵਾਹ ਨਿਰੰਤਰ ਚੱਲਦਾ ਹੈ।

ਬਸੰਤ ਪੰਚਮੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸਿੱਖਾਂ ਦੀ ਅੰਗ੍ਰੇਜ਼ਾਂ ਦੀ ਵਿਦੇਸ਼ੀ ਹਕੂਮਤ ਵਿਰੁਧ ਭਾਰਤ ਦੀ ਸੁਤੰਤਰਤਾ ਲਈ ਕੀਤੇ ਲਮੇਂ ਸੰਘਰਸ਼ ਵਿਚ ਦਿੱਤੇ ਬਲਿਦਾਨਾਂ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ। ਉਸ ਗੌਰਵਮਈ ਇਤਿਹਾਸ ਨੂੰ ਯਾਦ ਕੀਤਾ ਜਾਂਦਾ ਹੈ। ਉਹਨਾਂ ਸੰਕਟ ਭਰੇ ਸਮਿਆਂ ਵਿਚ ਦਲੇਰੀ ਅਤੇ ਨਿਰਭੈ ਹੋ ਕੇ ਲੜੀ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਨੂੰ ਸਮਰਪਿਤ ਕਵੀ ਦਰਬਾਰਾਂ ਅਤੇ ਵਖ਼ਿਆਨਾਂ ਨਾਲ ਸ਼ਰਧਾਂਜਲੀਆਂ ਅਰਪਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਗੌਰਵਮਈ ਇਤਿਹਾਸ ਤੋਂ ਅੱਜ ਦੀ ਪੀੜ੍ਹੀ ਨੂੰ ਪ੍ਰੇਰਣਾ ਦਿੱਤੀ ਜਾਂਦੀ ਹੈ। ਉਹਨਾਂ ਦੇ ਬਲਿਦਾਨਾਂ ਦੇ ਬਿਰਤਾਂਤਾਂ ਅਤੇ ਗਾਥਾਵਾਂ ਨੂੰ ਦੁਹਰਾਇਆ ਜਾਂਦਾ ਹੈ।

ਨਾਮਧਾਰੀ ਪਰੰਪਰਾ ਵਿਚ ਸ਼ਾਸਤਰੀ ਸੰਗੀਤ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਬੱਚਿਆਂ, ਕਿਸ਼ੋਰਾਂ ਅਤੇ ਨੌਜਵਾਨਾਂ ਨੂੰ ਸੰਗੀਤ ਸਿਖਾਉਣ ਲਈ ਲਗਾਤਾਰ ਪ੍ਰਯਾਸ ਜਾਰੀ ਰਹਿੰਦੇ ਹਨ। ਭੈਣੀ ਸਾਹਿਬ ਵਿਚ ਬਸੰਤ ਪੰਚਮੀ ਮਨਾਉਣ ਲਈ ਕੀਤੇ ਜਾਂਦੇ ਉੱਦਮਾਂ ਵਿਚ ਭਾਰਤ ਦੀ ਪੁਰਾਤਨ ਸ਼ਾਸਤ੍ਰੀ ਰਾਗ ਵਿਦਿਆ ਵਿਚ ਪ੍ਰਵੀਣਤਾ, ਪ੍ਰਸਿੱਧੀ ਹਾਸਲ ਕਰ ਚੁਕੇ ਆਚਾਰੀਆਵਾਂ ਅਤੇ ਮਾਹਿਰਾਂ ਦੇ ਸੰਗੀਤ ਸਮਾਗਮਾਂ ਦਾ ਖਾਸ ਤੌਰ ਤੇ ਆਯੋਜਨ ਕੀਤਾ ਜਾਂਦਾ ਹੈ। ਆਮ ਅਤੇ ਖ਼ਾਸ ਸਭ ਲੋਕ ਦੂਰ ਦੂਰ ਤੋਂ ਹੁੰਮ-ਹੁਮਾ ਕੇ

ਅਤੇ ਵਹੀਰਾਂ ਘੱਤ ਕੇ ਆਉਂਦੇ ਹਨ ਅਤੇ ਆਪਣੇ ਅਮੀਰ ਵਿਰਸੇ ਅਤੇ ਅਧਿਆਤਮਕ ਕੀਰਤਨ ਪ੍ਰਵਾਹ ਦੇ ਨਾਲ ਨਾਲ ਇਸ ਉੱਚ ਪਾਏ ਦੇ ਸੰਗੀਤ ਦਾ ਵੀ ਭਰਪੂਰ ਆਨੰਦ ਲੈਂਦੇ ਹਨ।

ਹਿੰਦੂ ਧਰਮ ਦੇ ਅਨੁਸਾਰ ਬਸੰਤ ਪੰਚਮੀ ਦੇ ਦਿਨ ਨੂੰ ਵਿੱਦਿਆ ਅਤੇ ਸੰਗੀਤ ਦੀ ਦੇਵੀ ਸਰਸਵਤੀ ਪ੍ਰਗਟੀ ਮੰਨੀਂ ਜਾਂਦੀ ਹੈ। ਇਸ ਕਰ ਕੇ ਇਸ ਦਿਨ ਨੂੰ ਗਿਆਨ ਦੀ ਦੇਵੀ ਸਰਸਵਤੀ ਦੇ ਜਨਮ ਦਿਵਸ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ। ਪਰਿਵਾਰਾਂ ਵਿਚ ਦੋ ਕੁ ਸਾਲ ਦੇ ਬੱਚਿਆਂ ਨੂੰ ਉਹਨਾਂ ਦੀ ਉਂਗਲੀ ਫ਼ੜ ਕੇ ਘਰ ਦਾ ਕੋਈ ਸਿਆਣਾ ਬਜ਼ੁਰਗ ਉਸ ਨੂੰ ਮਾਂ ਬੋਲੀ ਦਾ ਪਹਿਲਾ ਅੱਖਰ ਲਿਖਣਾ ਸਿਖਾਉਂਦਾ ਹੈ। ਇਸ ਨੂੰ ਇਕ ਖੁਸ਼ੀਆਂ ਨਾਲ ਲੱਦੀ ਰਸਮ ਵਾਂਗ ਮਨਾਇਆ ਜਾਂਦਾ ਹੈ। ਬੱਚੇ ਨੂੰ ਉਸ ਦੇ ਮਾਤਾ ਪਿਤਾ ਅਤੇ ਪਰਿਵਾਰ ਦੇ ਬਜ਼ੁਰਗ 'ਪੜ੍ਹੋ, ਲਿਖੋ, ਲੰਮੀਆਂ ਉਮਰਾਂ ਮਾਣੋ, ਤਰੱਕੀਆਂ ਕਰੋ' ਵਰਗੇ ਅਸ਼ੀਰਵਾਦ ਅਤੇ ਅਸੀਸਾਂ ਦੇਂਦੇ ਹਨ। ਮਿੱਠਾ ਮੂੰਹ ਕਰਾਉਂਦੇ ਹਨ। ਇਸ ਦਿਨ ਤੋਂ ਬੱਚੇ ਦੀ ਵਿਦਿਆ ਗ੍ਰਹਿਣ ਕਰਨ ਦੀ ਲੰਮੀ ਪ੍ਰਕਿਰਿਆ ਆਰੰਭ ਹੁੰਦੀ ਹੈ।

ਬਸੰਤ ਪੰਚਮੀ ਜਾਂ ਬਸੰਤ ਫ਼ੁੱਲਾਂ ਦੇ ਖਿੜਣ ਅਤੇ ਖੇਤਾਂ ਵਿਚ ਲਹਿਲਹਾਉਂਦੀ ਨਵੀਂ ਫ਼ਸਲ ਦੀ ਖੁਸ਼ੀ ਮਨਾਉਣ ਦਾ ਤਿਉਹਾਰ ਹੈ। ਇਹ ਰੁੱਤ ਧਰਤੀ ਦੀ ਬਨਸਪਤੀ ਨੂੰ ਪੁੰਗਾਰ ਕੇ ਆਲੇ-ਦੁਆਲੇ ਨੂੰ ਹਰ ਸਾਲ ਵਾਂਗ ਇਕ ਵਾਰੀ ਫ਼ੇਰ ਨਵੇਂ ਪੌਦਿਆਂ, ਪੱਤਿਆਂ ਅਤੇ ਫ਼ੁੱਲਾਂ ਨਾਲ ਸੋਹਣਾ, ਰੰਗਲਾ ਅਤੇ ਹਰਿਆਵਲਾ ਬਣਾ ਦਿੰਦੀ ਹੈ। ਇਸ ਰੁੱਤ ਦੇ ਆਉਣ ਨਾਲ ਸਰਦੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਕਿਹਾ ਜਾਂਦਾ ਹੈ -ਆਈ ਬਸੰਤ, ਪਾਲਾ ਉਡੰਤ। ਮੌਸਮ ਦਿਨੋਂ-ਦਿਨ ਸੁਹਾਵਨਾ, ਸੁਖਦ ਅਤੇ ਆਨੰਦਮਈ ਹੋਣਾ ਸ਼ੁਰੂ ਹੋ ਜਾਂਦਾ ਹੈ। ਨਿੱਘਿਆਂ ਦਿਨਾਂ ਦੀ ਆਮਦ ਨਾਲ ਸਰਦੀਆਂ ਵਿਚ ਵਰਤੇ ਜਾਂਦੇ ਭਾਰੇ ਊਨੀ ਗਰਮ ਕੋਟ, ਫ਼ਤੂਹੀਆਂ, ਜੈਕਟਾਂ, ਸਵੈਟਰਾਂ, ਕੰਬਲਾਂ ਅਤੇ ਰਜਾਈਆਂ ਦੀ ਲੋੜ ਦਿਨੋਂ ਦਿਨ ਘਟਦੀ ਜਾਂਦੀ ਹੈ। ਉੱਤਰੀ ਭਾਰਤ ਵਿਚ, ਇਹ ਹੋਰਨਾਂ ਫ਼ਸਲਾਂ ਦੇ ਨਾਲ ਨਾਲ ਬੀਜੀ ਹੋਈ ਮੁੱਖ ਅਨਾਜ ਕਣਕ ਦੀ ਫ਼ਸਲ ਦੀ ਦੇਖਭਾਲ ਦਾ ਸਮਾਂ ਹੁੰਦਾ ਹੈ।

ਪਤਝੜ ਅਤੇ ਸਰਦੀਆਂ ਦੀਆਂ ਰੁੱਤਾਂ ਵਿਚ ਰੁੱਖਾਂ ਦੇ ਪੱਤੇ ਝੜ ਗਏ ਹੁੰਦੇ ਹਨ ਅਤੇ ਉਹਨਾਂ ਦੀਆਂ ਡਾਲਾਂ ਰੁੰਡਮੁੰਡ, ਬੇਰੁਖੀਆਂ ਅਤੇ ਬੇਰੌਣਕੀ ਦਿਸਦੀਆਂ ਹਨ। ਪਰ ਬਸੰਤ ਰੁੱਤ ਦੀ ਆਮਦ ਨਾਲ ਕੁਦਰਤ ਰੁੱਖਾਂ ਅਤੇ ਪੌਦਿਆਂ ਵਿਚ ਨਵੇਂ ਜੀਵਨ ਦਾ ਸੰਚਾਰ ਕਰਦੀ ਹੈ। ਪੱਤਿਆਂ ਤੋਂ ਵਿਹੀਨ, ਰੁੱਖਾਂ ਦੀਆਂ ਲਗਭਗ ਸੁੱਕੀਆਂ ਦਿਸਣ ਵਾਲੀਆਂ ਟਹਿਣੀਆਂ ਦੀਆਂ ਗੰਢਾਂ ਵਿਚੋਂ ਪ੍ਰਕਿਰਤੀ ਵੱਲੋਂ ਕਰਾਮਾਤੀ ਕਮਾਲ ਹੁੰਦਾ ਹੈ ਅਤੇ ਨਵੇਂ ਕੋਮਲ ਪੱਤਿਆਂ ਦੀਆਂ ਕੋਂਪਲਾਂ ਅਤੇ ਕਰੂੰਬਲਾਂ ਫ਼ੁੱਟ ਪੈਂਦੀਆਂ ਹਨ। ਦਰਖਤਾਂ ਤੇ ਨਵੇਂ ਪੱਤੇ ਆ ਜਾਂਦੇ ਹਨ। ਫ਼ੁੱਲਾਂ ਦੇ ਬੂਟਿਆਂ ਦੀਆਂ ਡੋਡੀਆਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉਹਨਾਂ ਦੇ ਉਭਾਰ ਸਪਸ਼ਟ ਦਿਸਣ ਲੱਗ ਪੈਂਦੇ ਹਨ।

ਪੈਲੀਆਂ ਵਿਚ ਸਰ੍ਹੋਂ ਦੀਆਂ ਫ਼ਸਲਾਂ ਖੱਟੇ, ਪੀਲੇ, ਬਸੰਤੀ ਰੰਗਾਂ ਦੀ, ਅੱਖਾਂ ਨੂੰ ਸੋਹਣੀ ਲਗਦੀ, ਰਲੀ-ਮਿਲੀ ਗੂੜ੍ਹੀ-ਹਲਕੀ ਭਾਅ ਨਾਲ ਰੰਗੇ ਫ਼ੁੱਲਾਂ ਨਾਲ ਭਰੀਆਂ ਦਿਖਾਈ ਦਿੰਦੀਆਂ ਹਨ। ਬਸੰਤ ਪੰਚਮੀ ਉਪਰੰਤ ਪੰਜਾਬ, ਹਰਿਆਣਾ ਅਤੇ ਹੋਰ ਉੱਤਰੀ ਭਾਰਤ ਦੇ ਖੇਤਰਾਂ ਵਿਚ ਠੰਡਾਂ ਦੀ ਹਰਮਨ ਭਾਉਂਦੀ ਸੁਗਾਤ, ਸਰ੍ਹੋਂ ਦਾ ਸਾਗ, ਚਿੱਟਾ ਤਾਜ਼ਾ ਕੱਢਿਆ ਮੱਖਣ ਅਤੇ ਮਕਈ ਦੀ ਰੋਟੀ, ਦੀ ਰੁੱਤ ਆਪਣੀ ਵਿਦਾਈ ਅਤੇ ਜਾਣ ਦੀਆਂ ਤਿਆਰੀਆਂ ਵਿਚ ਹੁੰਦੀ ਹੈ। ਬਸੰਤ ਪੰਚਮੀ ਤੋਂ ਬਾਅਦ ਪਹਿਲਾਂ ਨਿੱਘੀਆਂ ਅਤੇ ਫ਼ਿਰ ਹੋਰ ਗਰਮ ਹਵਾਵਾਂ ਚਲਦੀਆਂ ਹਨ। ਹਵਾ ਦਾ ਰੁਖ਼ ਵੀ ਚੜ੍ਹਦੇ ਤੋਂ ਲਹਿੰਦੇ ਵੱਲ ਤੋਂ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਮ ਕਰ ਕੇ ਦੁਨੀਆਂ ਵਿਚ ਚਾਰ ਰੁੱਤਾਂ ਮੰਨੀਆਂ ਜਾਂਦੀਆਂ ਹਨ-ਬਹਾਰ ਜਾਂ ਬਸੰਤ, ਗਰਮੀ, ਬਰਸਾਤ ਅਤੇ ਸਰਦੀ। ਪਰ ਭਾਰਤ ਛੇ ਰੁੱਤਾਂ ਦਾ ਦੇਸ਼ ਮੰਨਿਆ ਗਿਆ ਹੈ। ਇਹ ਹਨ-ਬਸੰਤ, ਗਰਮੀ, ਬਰਖਾ, ਸਰਦ, ਪਤਝੜ, ਅਤੇ ਸਰਦ ਰਿਤੂਆਂ। ਇਹ ਪ੍ਰਾਹੁਣਿਆਂ ਵਾਂਗ ਆਉਂਦੀਆਂ ਅਤੇ ਜਾਂਦੀਆਂ ਹਨ। ਬਸੰਤ ਭਾਰਤ ਦੀਆਂ ਛੇ ਰੁੱਤਾਂ ਵਿਚੋਂ ਸਭ ਤੋਂ ਵੱਧ ਸੋਹਣੀ ਰੁੱਤ ਹੈ। ਇਸ ਨੂੰ ਰਿਤੂਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਇਹ ਰੁੱਤ ਬਨਸਪਤੀ ਲਈ ਅਤੇ ਕਈ ਤਰ੍ਹਾਂ ਦੇ ਫ਼ੁੱਲਾਂ ਦੇ ਖਿੜਣ ਲਈ ਅਨੁਕੂਲ ਮੰਨੀਂ ਜਾਂਦੀ ਹੈ। ਜਿਵੇਂ-ਟਿਊਲਿਪ, ਗੁਲਾਬ, ਗੇਂਦਾ, ਡੇਲੀਆ, ਲਿਲੀ, ਬਲੂਬੈਲ ਆਦਿ। ਫ਼ੁਲ ਉਗਾਉਣ ਦੇ ਬਾਗ਼ਬਾਨ ਪ੍ਰੇਮੀ ਸਰਦੀਆਂ ਦੇ ਮੁੱਕਣ ਅਤੇ ਬਸੰਤ ਰੁੱਤ ਦੇ ਆਉਣ ਦੀ ਬਿਹਬਲਤਾ ਨਾਲ ਉਡੀਕ ਕਰਦੇ ਹਨ।

ਬਸੰਤ ਰੁੱਤ ਤੋਂ ਪਹਿਲਾਂ ਪਤਝੜ ਅਤੇ ਸਰਦੀਆਂ ਵਿਚ ਪੱਤੇ ਝੜਦੇ ਹਨ। ਉਹ ਰੁੱਖ ਤੋਂ ਅਲਹਿਦਾ ਹੋ ਕੇ ਤੇ ਟੁੱਟ ਕੇ ਧਰਤੀ ਤੇ ਡਿੱਗਣ ਵੇਲੇ ਬਸੰਤ ਰਿੱਤੂ ਵੱਲ ਸੰਕੇਤ ਕਰ

ਕੇ ਕਹਿੰਦੇ ਹਨ ਕਿ ਅਸੀਂ ਪੁਰਾਣੇ ਹੋ ਗਏ ਹਾਂ ਅਤੇ ਰੁੱਖ ਤੋਂ ਝੜ ਰਹੇ ਹਾਂ ਕਿਉਂਕਿ ਨਵੇਂ ਪੱਤਿਆਂ ਦੀ ਰੁੱਤ ਆ ਗਈ ਹੈ। ਅਸਾਂ ਜਾਣਾ ਹੈ ਅਤੇ ਨਵਿਆਂ ਨੇ ਆਉਣਾ ਹੈ। ਰੁੱਖਾਂ ਦੇ ਝੜਦੇ ਪੱਤਿਆਂ ਦਾ ਸੰਦੇਸ਼ ਦੱਸਦਾ ਪੰਜਾਬੀ ਦਾ ਲੋਕ ਗੀਤ ਵੀ ਹੈ:

ਪਿੱਪਲ ਦਿਆ ਪੱਤਿਆ, ਕਿਉਂ ਖੜ ਖੜ ਲਾਈ ਆ, ਢੋਲਾ।
ਪੱਤ ਪਏ ਪੁਰਾਣੇ, ਰੁੱਤ ਨਵਿਆਂ ਦੀ ਆਈ ਆ, ਢੋਲਾ।

ਇਕ ਹੋਰ ਕਵੀ ਬਸੰਤ ਨੂੰ ਏਵੇਂ ਬਿਆਨਦਾ ਹੈ– 'ਗੁਲੋਂ ਮੇਂ ਰੰਗ ਭਰੇ ਬਾਦ-ਏ-ਨੌਬਹਾਰ ਚਲੇ'। ਅਰਥਾਤ ਬਸੰਤ ਰਿਤੂ ਦੀ ਨਿੱਘੀ ਪੌਣ ਵਗ਼ ਰਹੀ ਹੈ। ਇਹ ਆਪਣੀ ਝੋਲੀ ਰੰਗਾਂ ਨਾਲ ਭਰ ਕੇ ਲਿਆਈ ਹੈ। ਇਹ ਬਸੰਤ ਦੀ ਹਵਾ ਜਦੋਂ ਵਗ਼ਦੀ ਹੈ ਅਤੇ ਫ਼ੁੱਲਾਂ ਦੇ ਬੂਟਿਆਂ ਨੂੰ ਜਿਉਂ ਜਿਉਂ ਛੋਹੰਦੀ ਹੈ ਤਾਂ ਇਹ ਹਾਲੀ ਤੱਕ ਬੇਰੰਗ ਫ਼ੁੱਲਾਂ ਵਿਚ ਤਰ੍ਹਾਂ ਤਰ੍ਹਾਂ ਦੇ ਰੰਗ ਭਰਦੀ ਜਾਂਦੀ ਹੈ। ਬਸੰਤ ਰਿਤੂ ਦੀ ਹਵਾ ਤਰ੍ਹਾਂ-ਤਰ੍ਹਾਂ ਦੇ ਫ਼ੁੱਲਾਂ ਨੂੰ ਇਕ ਤੋਂ ਇਕ ਵੱਧ ਸੋਹਣੇ ਅਤੇ ਦਿਲਕਸ਼ ਬਣਾਉਂਦੀ ਚਲੀ ਜਾਂਦੀ ਹੈ। ਕੁਦਰਤ ਇਹ ਕਰਿਸ਼ਮੇ ਹਰ ਸਾਲ ਨੂੰ ਆਉਂਦੀ ਬਸੰਤ ਰੁੱਤ ਵਿਚ ਕਰਦੀ ਹੈ।

ਬਸੰਤ ਦੀ ਮਹਿਮਾ ਗੁਰਬਾਣੀ ਵਿਚ ਵੀ ਦਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਸੰਤ ਬਾਰੇ ਫ਼ਰਮਾਉਂਦੇ ਹਨ, "ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥ ਜਿਤ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ" ਬਸੰਤ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਫ਼ਰਮਾਉਂਦੇ ਹਨ, "ਨਾਨਕ ਤਿਨਾ ਬਸੰਤ ਹੈ, ਜਿਨੁ ਘਰਿ ਵਸਿਆ ਕੰਤ। ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ॥ "

ਪੰਜਾਬ, ਹਰਿਆਣੇ ਅਤੇ ਰਾਜਸਥਾਨ ਵਿੱਚ ਕਈ ਕਿਸਾਨ ਆਪਣੇ ਖੇਤਾਂ ਵਿਚ ਸਰ੍ਹੋਂ ਬੀਜਦੇ ਹਨ। ਬਸੰਤ ਦੇ ਤਿਉਹਾਰ ਦੇ ਵੇਲੇ ਪੈਲੀਆਂ ਵਿਚ ਸਰ੍ਹੋਂ ਦੇ ਬੂਟਿਆਂ ਨੂੰ ਪੀਲੇ ਫ਼ੁੱਲ ਪਏ ਹੁੰਦੇ ਹਨ। ਵੇਖਣ ਤੇ ਇੰਝ ਲੱਗਦਾ ਹੈ ਜਿਵੇਂ ਬਸੰਤ ਰਿਤੂ ਨੇ ਖੱਟੇ, ਪੀਲੇ, ਬਸੰਤੀ, ਕੇਸਰੀ ਰੰਗਾਂ ਦੀ ਚਾਦਰ ਵਿਛਾ ਕੇ ਧਰਤੀ ਨੂੰ ਸਜਾ ਅਤੇ ਸ਼ਿੰਗਾਰ ਦਿੱਤਾ ਹੋਵੇ। ਬਸੰਤ ਪੰਚਮੀ ਦੇ ਮੇਲੇ ਵਾਲੇ ਦਿਨ ਪੀਲੇ ਜਾਂ ਬਸੰਤੀ ਰੰਗ ਦੇ ਕਪੜੇ ਪਾਉਣ ਦਾ ਵੀ ਰਿਵਾਜ ਹੈ। ਬਸੰਤ ਪੰਚਮੀ ਵਾਲੇ ਦਿਨ ਪੀਲੇ ਜਾਂ ਬਸੰਤੀ ਰੰਗ ਦੇ ਕਪੜੇ ਪਾਉਣੇ ਸ਼ੁਭ ਮੰਨੇ ਜਾਂਦੇ ਹਨ। ਪੰਜਾਬ ਵਿਚ ਬਸੰਤ ਦਾ ਮੇਲਾ ਮਨਾਉਣ ਦਾ ਵੀ ਰਿਵਾਜ ਹੈ। ਕਵੀ ਸੰਮੇਲਨ ਕਰਾਏ ਜਾਂਦੇ ਹਨ। ਸਾਹਿਤਕ ਗੋਸ਼ਠੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਖੇਡਾਂ ਦੇ ਮੁਕਾਬਲੇ ਵੀ ਕਰਾਏ ਜਾਂਦੇ ਹਨ। ਊਰਜਾ, ਉਤਸਾਹ, ਉਮੰਗ ਅਤੇ ਉਮਾਹ ਦਾ ਪ੍ਰਭਾਵ ਕੁੱਲ ਲੁਕਾਈ ਉੱਪਰ ਦਿਸਦਾ ਹੈ।

ਬਸੰਤੀ ਰੰਗ ਨੂੰ ਬਹਾਦੁਰੀ, ਦਲੇਰੀ ਅਤੇ ਬਲਿਦਾਨ ਦਾ ਰੰਗ ਮੰਨਿਆ ਗਿਆ ਹੈ। ਭਾਰਤ ਦੇ ਹਰਮਨ ਪਿਆਰੇ ਸ਼ਹੀਦ ਸਰਦਾਰ ਭਗਤ ਸਿੰਘ ਅਤੇ ਉਹਨਾਂ ਦੇ ਸਿਰਲੱਥ ਸਾਥੀਆਂ ਦਾ ਦੇਸ਼ ਨੂੰ ਵਿਦੇਸ਼ੀਆਂ ਤੋਂ ਆਜ਼ਾਦ ਕਰਾਉਣ ਲਈ ਕਾਬਜ਼ਾਂ ਨੂੰ ਚੁਣੌਤੀਆਂ ਦੇਂਦਾ ਅਤੇ ਵੰਗਾਰਦਾ ਆਜ਼ਾਦੀ ਦਾ ਇਨਕਲਾਬੀ ਗੀਤ ਅੱਜ ਵੀ ਸਾਡੇ ਰੋਮਾਂ ਵਿਚ ਸਿਹਰਨ ਪੈਦਾ ਕਰ ਦੇਂਦਾ ਹੈ। ਦੇਸ਼ ਦੇ ਉਹਨਾਂ ਲਾਡਲਿਆਂ ਸਪੂਤਾਂ ਦੀ ਆਵਾਜ਼ ਵਿਚ ਆਵਾਜ਼ ਮਿਲਾ ਕੇ ਸਾਰਾ ਦੇਸ਼ ਉਹਨਾਂ ਤੋਂ ਬਲਿਹਾਰ ਜਾਂਦਾ ਸੀ ਅਤੇ ਗਾਉਂਦਾ ਸੀ "ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ, ਮੇਰਾ ਰੰਗ ਦੇ ਬਸੰਤੀ ਚੋਲਾ।

ਉਹਨਾਂ ਨੇ ਅਤੇ ਉਹਨਾਂ ਵਰਗੇ ਹੋਰ ਅਣਗਿਣਤ ਮਰਜੀਵੜੇ ਸੂਰਬੀਰਾਂ, ਵੀਰਾਂ ਅਤੇ ਵੀਰਾਂਗਨਾਵਾਂ ਨੇ ਬਸੰਤੀ ਚੋਲ਼ਾ ਪਾਇਆ, ਹੰਢਾਇਆ, ਸੁਤੰਤਰਤਾ ਸੰਗ੍ਰਾਮ ਵਿਚ ਜੁਝਾਰੂਆਂ ਵਾਂਗ ਜੂਝੇ, ਲੜੇ, ਭਿੜੇ ਅਤੇ ਮਰੇ। ਜਾਨਾਂ ਵਾਰੀਆਂ, ਫ਼ਾਂਸੀ ਦੇ ਤਖ਼ਤਿਆਂ ਤੇ ਚੜ੍ਹੇ, ਤੋਪਾਂ ਦੇ ਦਹਾਨਿਆਂ ਤੋਂ ਗੋਲਿਆਂ ਨਾਲ ਉਡਾਏ ਗਏ। ਆਖਿਰ ਉਹਨਾਂ ਦਾ ਬਸੰਤੀ ਚੋਲ਼ਾ ਰੰਗ ਲਿਆਇਆ ਅਤੇ ਦੇਸ਼ ਦੀਆਂ ਗੁਲਾਮੀ ਦੀਆਂ ਬੇੜੀਆਂ, ਸੰਗਲ ਅਤੇ ਜੰਜੀਰਾਂ ਕੱਟੇ ਗਏ। 15 ਅਗਸਤ 1947 ਨੂੰ ਅੰਗ੍ਰੇਜ਼ ਭਾਰਤ ਤੋਂ ਚਲੇ ਗਏ ਅਤੇ ਮੁਲਕ ਆਜ਼ਾਦ ਹੋ ਗਿਆ।

ਸੁਖ ਸ਼ਾਂਤੀ ਦੇ ਵੇਲਿਆਂ ਵਿਚ ਬਸੰਤੀ ਰੰਗ ਖੁਸ਼ਹਾਲੀ ਅਤੇ ਜ਼ਿੰਦਗੀ ਨੂੰ ਮਾਣਦੇ ਚਾਵਾਂ ਮਲਹਾਰਾਂ ਦਾ ਰੰਗ ਹੈ। ਬਸੰਤ ਪੰਚਮੀ ਵਾਲੇ ਦਿਨ ਕੁੜੀਆਂ ਅਤੇ ਮੁਟਿਆਰਾਂ ਬਸੰਤੀ ਦੁਪੱਟੇ ਅਤੇ ਚੁੰਨੀਆਂ ਲੈਂਦੀਆਂ ਹਨ। ਮੁੰਡੇ ਅਤੇ ਗੱਭਰੂ ਜੁਆਨ ਖੱਟੀਆਂ, ਪੀਲੀਆਂ ਜਾਂ ਬਸੰਤੀ ਦਸਤਾਰਾਂ ਸਜਾਉਂਦੇ ਹਨ। ਪੀਲਾ ਰੰਗ ਧਰਤੀ ਉੱਤੇ ਬਹਾਰ ਜਾਂ ਬਸੰਤ ਰਿਤੂ ਦੇ ਆਗਮਨ ਨਾਲ ਧਰਤੀ ਉੱਤੇ ਜੀਵਨ ਵਿਚ ਆਉਂਦੀ ਨਵੀਂ ਊਰਜਾ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ।

ਕਈ ਲੋਕ ਵਿਸ਼ੇਸ਼ ਤੌਰ ਤੇ ਬਸੰਤੀ ਕਪੜੇ ਪਾ ਕੇ ਸਰਸਵਤੀ ਦੇਵੀ ਦੀ ਪੂਜਾ ਕਰਦੇ ਹਨ। ਇਸ ਦਿਨ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਗੁੱਟੇ ਆਦਿ ਵਰਗੇ ਬਸੰਤੀ ਪੀਲੇ

ਫ਼ੁੱਲ ਚੜ੍ਹਾਏ ਜਾਂਦੇ ਹਨ। ਹਿੰਦੂ ਮਾਣਤਾਵਾਂ ਅਨੁਸਾਰ ਬਸੰਤ ਪੰਚਮੀ ਦੇ ਦਿਨ ਨੂੰ ਪਵਿੱਤਰ ਦਿਨ ਮੰਨਿਆਂ ਜਾਂਦਾ ਹੈ। ਮਾਣਤਾ ਹੈ ਕਿ ਇਸ ਦਿਨ ਨੂੰ ਕਿਸੇ ਸ਼ੁਭ ਕੰਮ ਨੂੰ ਕਰਨ ਲਈ ਕਿਸੇ ਮਹੂਰਤ ਦੀ ਲੋੜ ਨਹੀਂ ਪੈਂਦੀ। ਗੁਰਦੁਆਰਿਆਂ ਵਿਚ ਬਸੰਤ ਰਾਗ ਵਿਚ ਉਚਾਰੇ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਗਾਇਨ ਕੀਤਾ ਜਾਂਦਾ ਹੈ ਜਿਸ ਨੂੰ ਸੰਗਤ ਅਤੇ ਸ਼ਰਧਾਲੂ ਸ਼ਰਧਾ ਅਤੇ ਆਦਰ ਸਤਕਾਰ ਨਾਲ ਸਰਵਣ ਕਰਦੇ ਹਨ।

ਅਮੀਰ ਖੁਸਰੋ (ਸੰਨ 1253- 1325) ਆਪਣੀ ਇਕ ਰਚਨਾ ਵਿਚ ਬਸੰਤ ਰਿਤੂ ਦੀ ਕੁਦਰਤ ਵਿਚ ਸਭ ਪਾਸੇ ਖਿੱਲਰੀ ਹੋਈ ਸੁੰਦਰਤਾ, ਦਾ ਵਰਣਨ ਕਰਦੇ ਹੋਏ ਲਿਖਦੇ ਹਨ, "ਫ਼ੂਲ ਰਹੀ ਸਰਸੋਂ ਸਕਲ ਬਨ, ਅੰਬਵਾ ਬੌਰੇ, ਟੇਸੂ ਫ਼ੂਲੇ, ਕੋਇਲ ਕੂਕਤ ਡਾਰ ਡਾਰ।" ਪੰਜਾਬੀ ਦਾ ਇਕ ਅਖਾਣ ਬਸੰਤ ਦੇ ਸੋਹਣੇ ਦਿਨਾਂ ਦੀ ਉਦਾਹਰਣ ਦੇਂਦਾ ਸਾਧਾਂ ਦੇ ਨਿਸ਼ਚਿੰਤ, ਅਨੰਦਮਈ ਅਤੇ ਬੇਫ਼ਿਕਰੇ ਜੀਵਨ ਨੂੰ ਬਖਾਣਦਾ ਹੈ, "ਸਦਾ ਦਿਵਾਲੀ ਸਾਧ ਦੀ, ਅੱਠੇ ਪਹਿਰ ਬਸੰਤ।" ਪੰਜਾਬ ਦੇ ਸੱਭਿਆਚਾਰ ਵਿਚ ਬਸੰਤ ਬਾਰੇ ਹੋਰ ਵੀ ਕਈ ਮੁਹਾਵਰੇ, ਅਖਾਣ ਅਤੇ ਸਾਹਿਤਕ ਰਚਨਾਵਾਂ ਮਿਲ ਜਾਣਗੀਆਂ ਕਿਉਂ ਕਿ ਬਸੰਤ ਰਿਤੂ ਸਾਡੇ ਰਹਿਣ ਸਹਿਣ ਵਿਚ ਆਦਿਕਾਲ ਤੋਂ ਭਰਪੂਰਤਾ ਨਾਲ ਰਚੀ ਮਿਚੀ ਹੋਈ ਹੈ।

ਬਸੰਤ ਪੰਚਮੀ ਘਰ ਦੀ ਰਸੋਈ ਵਿਚ ਵੀ ਰੰਗ ਅਤੇ ਮਿਠਾਸ ਭਰਦੀ ਹੈ। ਘਰਾਂ ਵਿਚ ਸੁਆਣੀਆਂ ਆਪਣੇ ਪਰਿਵਾਰ ਲਈ ਚਾਅ ਨਾਲ ਉਚੇਚਾ ਪੀਲੇ ਕੇਸਰੀ ਰੰਗ ਦੇ ਜ਼ਰਦੇ ਵਰਗੇ ਮਿੱਠੇ ਪਕਵਾਨ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਪਰਿਵਾਰ ਦੇ ਛੋਟੇ ਵੱਡੇ ਸਾਰੇ ਚਾਅ ਨਾਲ ਖਾਂਦੇ ਹਨ। ਪੰਜਾਬ ਵਿਚ ਇਸ ਦਿਨ ਵਿਸ਼ੇਸ਼ ਤੌਰ ਤੇ ਗਿਰੀਆਂ, ਮੇਵੇ, ਬਦਾਮ, ਕਿਸ਼ਮਿਸ਼ ਅਤੇ ਕੇਸਰ ਆਦਿ ਪਾ ਕੇ ਜ਼ਰਦੇ ਵਾਲੇ ਮਿੱਠੇ ਚੌਲ ਬਣਾਏ ਜਾਂਦੇ ਹਨ। ਇਹ ਤਿਉਹਾਰ ਪੰਜਾਬ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਸੰਨ 1742 ਦੀ ਬਸੰਤ ਪੰਚਮੀ ਵਾਲੇ ਦਿਨ ਹੀ ਉਸ ਵੇਲੇ ਦੀ ਕੱਟੜ ਹਕੂਮਤ ਵੱਲੋਂ 'ਬਾਲ ਹਕੀਕਤ ਰਾਏ' ਨੂੰ ਲਾਹੌਰ ਵਿਚ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਬਸੰਤ ਦੇ ਦਿਨਾਂ ਵਿਚ ਹਲਕੀ ਮੱਧਮ ਬਿਆਰੀ ਪੌਣ ਵਗ਼ਦੀ ਹੈ। ਇਹ ਗੁੱਡੀਆਂ ਅਤੇ ਪਤੰਗਾਂ ਉਡਾਉਣ ਵਿਚ ਮਦਦ ਕਰਦੀ ਹੈ। ਜਦੋਂ ਪਤੰਗ ਆਕਾਸ਼ ਵਿਚ ਉੱਚੀ ਚੜ੍ਹ ਜਾਂਦੀ ਹੈ ਤਾਂ ਉਪਰ ਉੱਚੇ ਅਸਮਾਨ ਵਿਚ ਬੁੱਲਿਆਂ ਵਾਲੀ ਹਵਾ ਵਗ਼ਦੀ ਹੁੰਦੀ ਹੈ ਅਤੇ ਪਤੰਗ ਆਪਣੇ ਆਪ ਉੱਡਦੀ ਹੈ। ਪਤੰਗਾਂ ਉਡਾਉਣ ਦੇ ਸ਼ੌਕੀਨਾਂ ਲਈ ਇਹ ਆਨੰਦ ਨਾਲ ਝੂਮਣ ਦਾ ਮੌਕਾ ਹੁੰਦਾ ਹੈ। ਪਤੰਗਾਂ ਦੇ ਪੇਚੇ ਲਾਏ ਜਾਂਦੇ ਹਨ ਅਤੇ ਜਦੋਂ ਕੋਈ ਪਤੰਗਬਾਜ਼ ਕਿਸੇ ਦੂਸਰੇ ਦੀ ਪਤੰਗ ਦੀ ਡੋਰ ਨੂੰ ਆਪਣੀ ਪਤੰਗ ਦੀ ਡੋਰ ਨਾਲ ਕੱਟ ਦੇਂਦਾ ਹੈ ਤਾਂ ਇਸ ਜਿੱਤ ਦਾ ਐਲਾਨ ਕਰਦੀਆਂ ਉਸ ਦੀਆਂ 'ਬੋ ਕਾਟਾ- ਬੋ ਕਾਟਾ' ਦੀਆਂ ਉੱਚੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਹਨ।

ਬਸੰਤ ਦੇ ਦਿਨ ਨੂੰ ਪਤੰਗਾਂ ਉਡਾਉਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਬਾਜ਼ਾਰਾਂ ਵਿਚ ਦੁਕਾਨਦਾਰ ਤਰ੍ਹਾਂ ਤਰ੍ਹਾਂ ਦੀਆਂ ਰੰਗ ਬਿਰੰਗੀਆਂ ਗੁੱਡੀਆਂ, ਪਤੰਗਾਂ ਅਤੇ ਡੋਰਾਂ ਦਿਆਂ ਪਿੰਨਿਆਂ ਨਾਲ ਦੁਕਾਨਾਂ ਸਜਾਉਂਦੇ ਹਨ। ਲੋਕ ਨਵੀਂ ਰੁੱਤ ਦਾ ਸੁਆਗਤ ਪਤੰਗਾਂ ਉਡਾ ਕੇ ਵੀ ਕਰਦੇ ਹਨ। ਕਈਆਂ ਥਾਵਾਂ ਤੇ ਇਸ ਦਿਨ ਵਿਸ਼ੇਸ਼ ਪਤੰਗਬਾਜ਼ੀ ਦੇ ਮੁਕਾਬਲੇ ਵੀ ਕਰਾਏ ਜਾਂਦੇ ਹਨ ਪਰ ਪਤੰਗਬਾਜ਼ੀ ਖਤਰਨਾਕ ਵੀ ਹੈ। ਇਸ ਨੂੰ ਖੁੱਲਿਆਂ ਮੈਦਾਨਾਂ ਵਿਚ ਹੀ ਕਰਨਾ ਚਾਹੀਦਾ ਹੈ। ਸਮੇਂ ਨਾਲ ਪਤੰਗਬਾਜ਼ੀ ਅਤੇ ਗੁੱਡੀਆਂ ਉਡਾਉਣ ਦਾ ਚਲਨ ਤੇ ਸ਼ੌਕ ਮੱਧਮ ਪੈ ਗਏ ਹਨ। ਇਹਨਾਂ ਦੀ ਥਾਂ ਮੋਬਾਈਲ, ਕੰਪਿਊਟਰ ਵਰਗੇ ਅੱਜ ਦੇ ਸਮੇਂ ਦੇ ਆਧੁਨਿਕ ਨਵਿਆਂ ਰੁਝਾਣਾਂ, ਰੁਝੇਵਿਆਂ ਅਤੇ ਦਿਲ ਪਰਚਾਵਿਆਂ ਨੇ ਲੈ ਲਈ ਹੈ।

ਬਸੰਤ ਰਿਤੂ ਸਾਡੇ ਲਈ ਪ੍ਰਕਿਰਤੀ ਦਾ ਵਰਦਾਨ ਹੈ। ਇਤਿਹਾਸ, ਬਲਿਦਾਨ, ਨੈਤਿਕਤਾ, ਸੁਤੰਤਰਤਾ ਅਤੇ ਪਰੰਪਰਾਵਾਂ ਨਾਲ ਇਸ ਦਾ ਗੂੜ੍ਹਾ ਸੰਬੰਧ ਹੈ। ਬਸੰਤ ਪੰਚਮੀ ਸਾਨੂੰ ਇਹਨਾਂ ਗੁਣਾਂ ਦੀ ਯਾਦ ਕਰਾਉਂਦੀ ਹੈ। ਸਭ ਮਨੁੱਖੀ ਸਭਿਤਾਵਾਂ ਵਿਚ ਬਸੰਤ ਦਾ ਮੌਸਮ ਸਭ ਰਿਤੂਆਂ ਦਾ ਰਾਜਾ ਮੰਨਿਆ ਗਿਆ ਹੈ। ਬਸੰਤ ਪੰਚਮੀ ਵਾਲੇ ਦਿਨ ਸਾਨੂੰ ਸਭ ਨੂੰ ਮਿਲਜੁਲ ਕੇ ਪ੍ਰਕਿਰਤੀ ਲਈ ਸ਼ੁਕਰਾਨੇ ਦੇ ਭਾਵ ਨਾਲ ਪ੍ਰਕਿਰਤੀ ਨਾਲ ਜੁੜਣ ਓਤੇ ਵਾਤਾਵਰਣ ਨੂੰ ਸਵੱਛ ਅਤੇ ਸਵਸਥ ਬਨਾਉਣ ਲਈ ਉਪਰਾਲਿਆਂ ਬਾਰੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਬਸੰਤ ਰੁੱਤ ਦੇ ਨਾਲ ਨਾਲ ਹਰੇਕ ਰੁੱਤ ਦਾ ਆਨੰਦ ਮਾਣ ਸਕੀਏ।

..................................................

# ਸ੍ਰੀ ਭੈਣੀ ਸਾਹਿਬ ਦੀਆਂ ਕੰਧਾਂ



## ਪ੍ਰਸਿੱਧ ਕਹਾਣੀਕਾਰ ਸੰਤੋਖ ਸਿੰਘ ਧੀਰ ਦੀ ਸ੍ਰੀ ਭੈਣੀ ਸਾਹਿਬ ਫੇਰੀ

ਟੱਨ, ਟੱਨ, ਟੱਨ, ਦੀ ਅਵਾਜ਼ ਦੇ ਨਾਲ ਰੈਗੂਲੇਟਰ ਘੰਟੇ ਦੀਆਂ ਸੂਈਆਂ ਆਪਣਾ ਪੂਰਾ ਗੇੜਾ ਮਾਰਕੇ ੧੨ ਪਰ ਜਾ ਮਿਲੀਆਂ। ਅਰ ਲੰਮੇਂ ਚਿਰ ਦੇ ਵਿਛੋੜੇ ਨੂੰ ਯਾਦ ਕਰ-ਕਰ ਹਟਕੋਰੇ ਲੈ-ਲੈ ਰੋ ਰਹੀਆਂ ਸਨ ਕਿ ਮੇਰੇ ਮਿਤਰ 'ਗਰਚਾ' ਜੀ ਮੇਰੇ ਸੌਂਹੇ ਆ ਖਲੋਤੇ, ਮੈਂ ਉਹਨਾਂ ਨੂੰ ਹਫਦੇ ਹੋਏ ਦੇਖਕੇ ਹੈਰਾਨੀ ਨਾਲ ਸਰਾਣੇ ਤੋਂ ਸਿਰ ਚੁਕਦਾ ਹੋਇਆ ਫਤਹਿ ਬੁਲਾਣ ਤੋਂ ਬਾਦ ਬੋਲਿਆ। ਆਓ ਗਰਚਾ ਜੀ, ਜੀ ਆਇਆਂ, ਸੁਖ ਨਾਲ ਅੱਜ ਕਿਵੇਂ ਪਧਾਰੇ ਹੋ, ਸੁਖ ਤੇ ਹੈ ਨਾਂ। ਮੈਨੂੰ ਮੇਰੀ ਗੱਲ ਦਾ ਜਵਾਬ ਮਿਲਣ ਤੋਂ ਪਹਿਲਾਂ ਉਹਨਾਂ ਦਾ ਜ਼ੋਰ ਨਾਲ ਚਲ ਰਿਹਾ ਸਾਹ ਕੁਝ ਮਠਾ ਹੋ ਗਿਆ ਤੇ ਉਨ੍ਹਾਂ ਨੇ ਇਕ ਲੰਮਾ ਸਾਰਾ ਛਪਿਆ ਹੋਇਆ ਪਰਚਾ ਖੋਲ੍ਹਕੇ ਫ਼ਰਮਾਇਆ- ਕਾਕਾ ਜੀ! ਤੁਹਾਨੂੰ ਨਹੀਂ ਜੇ ਪਤਾ? ਕਿ ਐਤਕੀਂ ਭੈਣੀ ਸਾਹਿਬ ਵਿਖੇ ਬੜਾ ਭਾਰੀ ਇਕੱਠ ਹੈ। ਇਹ ਲੌ ਖਾਂ ਪ੍ਰੋਗਰਾਮ, ਪਾਠੀਆਂ ਦੀ ਪ੍ਰਿਖਯਾ, ਕਵੀ ਦਰਬਾਰ ਵੀ ਹੋਵੇਗਾ। ਕੀ ਆਪ ਚਲੋਗੇ? ਮੈਨੂੰ ਏਹ ਗੱਲ ਸੁਣ, ਕੁਝ ਚਾਓ ਜਿਹਾ ਚੜ੍ਹ ਗਿਆ। ਪਹਿਲਾਂ ਤਾਂ ਕੁਝ ਮਿੰਟਾਂ ਲਈ ਮੇਰਾ ਦਿਲ ਦੁਚਿਤਾ ਜਿਹਾ ਹੋ ਗਿਆ ਪਰ ਝਟ ਹੀ ਮੇਰੇ ਦਿਲ ਦੇ ਜੱਜ ਨੇ ਆਪਣੇ ਵਕੀਲ ਇਰਾਦੇ ਨਾਲ ਸਲਾਹ ਕਰਦਿਆਂ ਫੈਸਲਾ ਕੀਤਾ ਕਿ ਪਤਾ ਨਹੀਂ ਜੋ ਅਗਲੇ ਸਾਲ ਤੋੜੀ ਕੀ ਹੋਣਾ ਏਂ। ਕਿਓਂ ਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਨਗਰੀ ਦੇ ਦਰ੍ਸ਼ਨ ਕਰ ਆਈਏ। ਮੈਂ ਹਾਂ ਵਿਚ ਉਤਰ ਦਿੰਦੇ ਹੋਇਆਂ ਪੁੱਛਿਆ ਕੀ ਕੋਈ ਹੋਰ ਸੱਜਨ ਭੀ ਪੈਂਡੇ ਦੀ ਦਿਲਚਸਪੀ ਨੂੰ ਚਾਰ ਚੰਨ ਲਾਣ ਲਈ ਤਿਆਰ ਹਨ। ਗਰਚਾ ਜੀ ਨੇ ਝਟ ਚਾਅ ਨਾਲ ਕਿਹਾ ਕਿ ਇਸ ਗੱਲ ਦਾ ਤਾਂ ਪਹਿਲਾਂ ਹੀ ਬੰਦੋਬਸਤ ਕਰ ਆਇਆ ਹਾਂ। ਸਾਡੇ ਨਾਲ ਸ. ਹਰਚਰਨ ਸਿੰਘ ਜੀ ਫਕੀਰ ਤੇ ਸ. ਆਤਮਾਂ ਸਿੰਘ ਜੀ 'ਅੰਕਸ' ਚਲਣਗੇ। ਇਹਨਾਂ ਹੱਸਮੁਖ ਸੱਜਨਾਂ ਦਾ ਨਾਂ ਸੁਣਕੇ ਸਗੋਂ ਮੇਰੇ ਦਿਲ ਵਿਚ ਹੋਰ ਭੀ ਕੁਤ ਕੁਤੀਆਂ ਗਿਧਾ ਪੌਣ ਲਗ ਪਈਆਂ। ਮੈਂ ਜਲਦੀ ਨਾਲ ਪਿਤਾ ਜੀ ਤੋਂ ਇਜਾਜ਼ਤ ਮੰਗੀ ਇਜਾਜ਼ਤ ਮਿਲਣ ਪਰ, ਮੈਂ ਗਰਚਾ ਜੀ ਦੇ ਨਾਲ ਹੀ ਨਿਊਲਾਈਟ (ਇਕ ਸਾਇਕਲ ਕੰਪਨੀ ਦਾ ਨਾਮ) ਦੇ ਘੋੜੇ ਦੇ ਪਿੱਛੇ ਸਵਾਰ ਹੋ ਗਿਆ। ਸੋ ਅਸੀਂ ਡੇਢ ਵਜੇ ਖੰਨੇ ਪੁੱਜ ਗਏ। ਖੰਨੇ ਕੁਛ ਸਮਾਂ ਅਰਾਮ ਕਰਕੇ, 'ਫਕੀਰ' ਜੀ ਤੇ 'ਅੰਕਸ਼, ਜੀ ਨੂੰ ਨਾਲ ਲੈ ਨਿਊਲਾਈਟ ਦੇ ਘੋੜਿਆਂ ਤੇ ਸਵਾਰ ਹੋ ੩ ਵਜੇ ਸ੍ਰੀ ਭੈਣੀ ਸਾਹਿਬ ਨੂੰ ਰਵਾਨਾ ਹੋ ਗਏ। ਇਹਨਾਂ ਸੱਜਨਾਂ ਦੀਆਂ ਹਸੌਣੀਆਂ ਗੱਲਾਂ ਤੇ ਨਵੇਂ-ਨਵੇਂ ਪਖਾਣੇ ਇਹੋ ਜਿਹਾ ਰਸ ਦੇ ਰਹੇ ਸਨ ਕਿ ਹੱਸ-ਹੱਸਕੇ ਪੇਟ ਵਿਚ ਦਰਦ ਪੈ ਰਿਹਾ ਸੀ। ਇਕ ਦੂਜੇ ਵਿਚ ਸਾਈਕਲ ਭਿੜਾਓਣ ਦੀ ਸਕੀਮ ਪੈਂਡੇ ਨੂੰ ਇੰਜ ਖਤਮ ਕਰ ਰਹੀ ਸੀ, ਜਿਵੇਂ ਫਾਂਸੀ ਦਾ ਹੁਕਮ ਹੋਏ ਮੁਲਜ਼ਿਮ ਨੂੰ ਮੌਤ ਦੇ ਦਿਨ।

ਸੂਰਜ ਦੇਵਤਾ ਦੇ ਨਾਲ ਹੀ ਪੈਂਡਾ ਖਤਮ ਹੋ ਗਿਆ ਦਿਨ ਡੁੱਬਣ ਤੋਂ ਕੁਝ ਚਿਰ ਮਗਰੋਂ ਅਸੀਂ ਸਤਿਗੁਰੂ ਰਾਮ ਸਿੰਘ ਜੀ ਦੀ ਨਗਰੀ ਜਾ ਅਪੜੇ। ਸ੍ਰ. ਨੰਤਾ ਸਿੰਘ ਜੀ ਟਾਂਕ ਛੜ੍ਹੀ ਨੇ ਸਾਡੀ ਬੜੀ ਆਓ ਭਾਗਤ ਕੀਤੀ, ਅਸੀਂ ਖੁਸ਼ੀ ਨਾਲ ਉਹਨਾਂ ਦੇ ਚਰਨਾਂ ਵਿਚ ਤਿੰਨ ਦਿਨ ਬੜੇ ਆਰਾਮ ਨਾਲ ਬਤੀਤ ਕੀਤੇ ਕਿਓਂਕਿ ਮੇਲੇ ਦੀ ਭੀੜ ਦੇ ਕਾਰਨ ਸ਼ਾਇਦ ਹੋਰ ਕਿਸੇ ਥਾਂ ਇਹੋ ਜਿਹਾ ਆਰਾਮ ਪਰਾਪਤ ਨਾਂ ਹੁੰਦਾ।

ਅਸੀਂ ਤਿੰਨ ਦਿਨ ਬੜੇ ਪ੍ਰੇਮ ਨਾਲ ਦੀਵਾਨ ਦਾ ਰਸ ਲਿਆ। ਕਵੀ ਦਰਬਾਰ ਦੇ ਅਨੰਦ ਮਾਣੇ, ਬਾਰਾਂ ਸੌ ਪਾਠਾਂ ਦੇ ਭੋਗਾਂ ਅਰ ਹਵਨ ਭਗੌਤੀ ਜਪ-ਪ੍ਰਯੋਗ ਦੇ ਕਾਰਨ ਪੰਡਾਲ ਇਕ ਸੁਵਰਗੀ ਮੰਡਪ ਸੀ, ਹਵਨ ਦੀ ਦੀਮਾਗ ਮੁਅੱਤਰ ਕਰ ਦੇਣ ਵਾਲੀ ਵਾਸ਼ਨਾ ਦੂਰ-2 ਦੇ ਨਗਰਾਂ ਸ਼ਹਿਰਾਂ ਦੇ ਲੋਕਾਂ ਤੋਂ ਇਲਾਵਾ ਪੰਛੀਆਂ ਨੂੰ ਭੀ ਭੈਣੀ ਸਾਹਿਬ ਵਲ ਖਿਚ ਰਹੀ ਸੀ। ਦੂਜੇ ਦਿਨ ਅਸੀਂ, ਸ੍ਰੀ ਹਰਿਮੰਦਰ, ਰਾਮਸਰ, 'ਸਤਿਜੁਗ'

ਪ੍ਰੈਸ ਡਾਕਘਰ, ਬਿਜਲੀਘਰ ਤੇ ਸ਼ਾਹੀ ਮਹਿਲਾਂ ਦੇ ਭੀ ਦਰਸ਼ਨ ਕੀਤੇ, ਸ੍ਰੀ ਭੈਣੀ ਸਾਹਿਬ ਦੀਆਂ ਕਚੀਆਂ ਇੱਟਾਂ ਨਾਲ ਬਣੀਆਂ ਹੋਈਆਂ ਕੰਧਾਂ ਨੂੰ ਵੇਖ-ਵੇਖ ਕੇ ਮੇਰਾ ਦਿਲ ਗੋਤੇ ਖਾਣ ਲਗ ਪਿਆ ਅਖੀਰ ਮੈਂ ਅਪਣੇ ਦਿਲ ਪਰ ਕਾਬੂ ਨਾਂ ਪਾਉਂਦਾ ਹੋਇਆ ਉਹਨਾਂ ਕੰਧਾ ਕੋਲੋਂ ਜੇਹੜੀਆਂ ਕਿ ਹਮਾਲਾ ਪ੍ਰਬਤ ਵਾਂਗੂੰ ਆਪਣਾ ਸੀਨਾ ਟੱਡ ਤੇ ਦਿਲ ਪਰ ਪੱਥਰ ਬੰਨ੍ਹ ਚੁੱਪ-ਚੁਪੀਤੇ ਖੜੀਆਂ ਸਨ। ਪੁੱਛ ਬੈਠਾ ਕਿ ਹੇ ਸਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਭੂਮੀ ਵਿਚ ਵਸਣਹਾਰੀਓ ਤੇ ਸਚੇ ਪਾਤਸ਼ਾਹ ਜੀ ਦੇ ਚਰਨ ਪਰਸਨ ਹਾਰ ਸਾਥਣੋ, ਇਹ ਕੀ ਗਲ ਏ। ਮੇਰੇ ਹੈਰਾਨੀ ਨਾਲ ਸੁਕੇ ਹੋਏ ਬੁਲ ਤੇ ਮੁਰਝਾਇਆ ਹੋਇਆ ਚੇਹਰਾ ਦੇਖ ਮਜ਼ਲੂਮ ਕੰਧਾਂ ਦੀਆਂ ਅੱਖਾਂ ਵਿਚੋਂ ਕਿਣ ਕਿਣ ਅਥਰੂ ਵਗ ਪਏ। ਕੁਝ ਦਿਲ ਦੇ ਅਰਮਾਨ ਕਢਣ ਪਿਛੋਂ ਬੋਲੀਆਂ ਐ! ਧੀਰ ਬੰਨਾਣ ਵਾਲੇ ਨੌਜਵਾਨ ਸਿੱਖਾ, ਏਹ ਤੂੰ ਕੀ ਪਿਆ ਪੁੱਛਨਾਂ ਏ ਪਰ ਤੇਰੀ ਤਸੱਲੀ ਭੀ ਕਿਦਾਂ ਹੋਵੇ, ਅਖੀਰ ਦਿਲ ਤੇ ਪਥਰ ਬੰਨ, ਕਲੇਜੇ ਦਾ ਰੁਗ ਭਰ ਥਿੜਕਵੀਂ ਜ਼ਬਾਨ ਨਾਲ ਦਸ ਹੀ ਦਿੰਦੀਆਂ ਹਾਂ। ਲੈ ਕਾਕਾ ਸੁਣ ਧਿਆਨ ਨਾਲ ਸੁਣ। ਜਿਸ ਦਿਨ ਤੋਂ ਗੱਡੇ ਪਰ ਬੈਠਕੇ ਪ੍ਰੀਤਮ ਸਾਨੂੰ ਵਿਲਕਦੀਆਂ ਛੱਡ ਰੁਸ ਟੁਰਿਆ ਹੈ। ਸਾਨੂੰ ਛੇਤੀ ਮੁੜ ਔਣ ਦੀਆਂ, ਕਣਸੋਆਂ ਭੀ ਕੰਨੀ ਪੈ ਰਹੀਆਂ ਹਨ ਪਰ ਆਇਆ ਨਹੀਂ। ਬੂਹੇ ਉਤੇ ਅੱਖਾਂ ਪਾੜ-ਪਾੜ ਉਡੀਕ ਰਹੀਆਂ ਹਾਂ, ਸੋ ਸਾਡੀ ਉਸੇ ਦਿਨ ਤੋਂ ਹੜਤਾਲ ਜੇ। ਜਦੋਂ ਤੱਕ ਅਸੀਂ ਉਸ ਚੀਨੀ ਵਾਲੇ ਪ੍ਰੀਤਮ ਦੇ ਦਰਸ਼ਨ ਨਹੀਂ ਕਰ ਲੈਂਦੀਆਂ, ਅਰ ਓਹ ਕੋਮਲ ਚਰਨ ਅਸਾਂ ਦੇ ਦਿਲ ਵਿਚ ਨਹੀਂ ਟਿਕਦੇ, ਉਦੋਂ ਤਕ ਅਸੀਂ ਆਪਣਾ ਰੰਗ, ਸਫੈਦੀ ਤੋਂ ਸੁਰਖੀ ਵਿਚ ਤਬਦੀਲ ਨਹੀਂ ਕਰ ਸਕਦੀਆਂ। ਮੈਂ ਏਹ ਦੁਖ ਭਰਿਆ ਜਵਾਬ ਸੁਣ, ਅਪਣੇ ਜ਼ਜ਼ਬਾਤਾਂ ਤੇ ਕਾਬੂ ਪਾ ਡਾਕਘਰ ਇਕ ਖਤ ਪਾਉਣ ਗਿਆ।

ਜਿਹੜੇ ਮੁਕਦਮੇ ਲੱਖਾਂ ਰੁਪਏ ਬਰਬਾਦ ਕਰਨ ਤੋਂ ਭੀ ਕੁਛ ਨਾ ਬਣਦਾ, ਓਹਨਾਂ ਦੇ ਫੈਸਲੇ ਕੇਵਲ ਤਿੰਨਾ ਮਿੰਟਾਂ ਵਿਚ ਸਚੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਹੋ ਜਾਂਦੇ ਹਨ, ਜੋ ਹੋਣੇ ਭੀ ਇਸੇ ਪ੍ਰਕਾਰ ਚਾਹੀਦੇ ਹਨ। ਇਸ ਤਰਾਂ ਸਾਡੇ ਗਰੀਬ ਤਬਕੇ ਦਾ ਬਹੁਤ ਹੀ ਫਾਇਦਾ ਹੈ। ਮੇਰਾ ਖਿਆਲ ਹੈ ਕਿ ਇਹ ਰਸਮ ਕੇਵਲ ਨਾਮਧਾਰੀ ਤਬਕੇ ਵਿਚ ਹੀ ਮਹਿਦੂਦ ਨਹੀਂ ਰਹਿਣੀ ਚਾਹੀਦੀ, ਬਲ ਕੇ ਹਰ ਹਿੰਦੁਸਤਾਨੀ ਨੂੰ ਇਸ ਤੋਂ ਫਾਇਦਾ ਪ੍ਰਾਪਤ ਕਰਨਾ ਉਚਿਤ ਹੈ। ਫੇਰ ਦੇਖੋ ਸਾਡਾ ਮੁਲਕ ਤੇ ਗਰੀਬ ਗੈਰ ਕਾਸ਼ਤ ਕਿਸ ਤਰੱਕੀ ਨੂੰ ਪੁੱਜਦੇ ਹਨ। ਆਸ ਹੈ ਕਿ ਮੇਰੀ ਟਾਂਕ ਛੱੜ੍ਹੀ ਕੌਮ ਜ਼ਰੂਰ ਇਧਰ ਧਿਆਨ ਦੇਵੇਗੀ, ਅਰ ਦਾਸ ਦੀ ਬੇਨਤੀ ਪਰਵਾਨ ਹੋਵੇਗੀ। ਪਰ ਕੀ ਕੀਤਾ ਜਾਵੇ, ਅਸਾਡੀ ਆਪਸ ਵਿਚ ਦੀ ਨਾ ਇਤਫਾਕੀ ਕੋਈ ਵਾਹ ਨਹੀਂ ਚੱਲਣ ਦਿੰਦੀ। ਗੁਰੂ ਮੇਹਰ ਕਰੇ।

ਮੈਂ ਭੈਣੀ ਸਾਹਿਬ ਤੇ ਅਪਣੇ ਭੜਕਦੇ ਹੋਏ ਜ਼ਜ਼ਬਾਤਾਂ ਨੂੰ ਮਾਰ, ਉਦਾਸ ਦਿਲ ਨੂੰ ਧੀਰ ਬਣਾਉਂਦਾ ਹੋਇਆ ਮੁੜ ਡਡਹੈੜੀ ਆ ਗਿਆ।

.....................................................


## ਆ ਧਾਰਿਆ ਅਵਤਾਰ ਏ

**ਇੰਦਰ ਸਿੰਘ ਚਕ੍ਰਵਰਤੀ**

ਆਇਆ ਜਗਤ ਦਾ ਚਾਨਣਾ ਰਹਿਮਤ ਦਾ ਜੋ ਭੰਡਾਰ ਏ,
ਤਪਦੇ ਦਿਲਾਂ ਨੂੰ ਠਾਰਦਾ ਚੀਨੀ ਦਾ ਸ਼ਾਹ ਅਸਵਾਰ ਏ।
ਮਿਟੀ ਨੂੰ ਸੋਨਾ ਕਰ ਦੇਵੇ ਪੱਥਰ ਨੂੰ ਦੇ ਸੋਨਾ ਬਣਾ,
ਹੈ ਕੀਮੀਆ ਇਸਦੀ ਨਜ਼ਰ ਪਈ ਜਿਸਤੇ ਇਕ ਵਾਰ ਏ।
ਦੈਂਤਾਂ ਤੋਂ ਕੀਤੇ ਦੇਵਤੇ ਚੋਰਾਂ ਤੋਂ ਸੰਤ ਬਣਾਏ ਨੇ,
ਧਰਨੀ ਦੇ ਦੁਖੜੇ ਹਰਨ ਨੂੰ ਆ ਧਾਰਿਆ ਅਵਤਾਰ ਏ।
ਲੰਗਰ ਚਲਾਯਾ ਨਾਮ ਦਾ ਬਣੀ ਦੀ ਨੈ ਦਿਤੀ ਵਹਾ,
ਕੰਨ ਵਿੱਚ ਸੁਣਾਕੇ ਨਾਮ ਫਿਰ ਭਵਜਲ ਥੀਂ ਕੀਤਾ ਪਾਰ ਏ।
ਬਾਣੀ ਦੇ ਵਜੇ ਬਾਣ ਅਰ ਚੜ੍ਹਿਆ ਨਸ਼ਾ ਜਾਂ ਨਾਮ ਦਾ,
ਲੋਕਾਂ ਦੀ ਭੁਲੀ ਲਾਜ ਸਭ ਸਿਰ ਤੋਂ ਲਥੀ ਦਸਤਾਰ ਏ।
ਸਤਿਜੁਗ ਲਗਾਯਾ ਕਲੂ ਵਿੱਚ ਯਗ ਹੋਮ ਹੋਵਣ ਲਗ ਪਏ,
ਸਚ ਸੁੱਚ ਸੰਜਮ ਰਹਿਤ ਸਿਖੀ ਦਾ ਹੋਯਾ ਪ੍ਰਚਾਰ ਏ।
ਕੁਦਰਤ ਨ ਫੁਲੀ ਮੇਉਂਦੀ ਪਾਕੇ ਬਸੰਤੀ ਚੋਲੜਾ,
ਅਰਸ਼ਾਂ ਤੋਂ ਵਰ੍ਹਦੇ ਫੁਲ ਨੇ ਫਰਸ਼ਾਂ ਤੇ ਜੈ-ਜੈ ਕਾਰ ਏ।
ਔਹ ਆ ਗਿਆ ਔਹ ਆ ਗਿਆ ਮੇਹਰਾਂ ਦਾ ਵਾਲੀ ਆ ਗਿਆ,
ਸਿੱਖੀ ਦਾ ਸੂਰਜ ਚੜ ਪਿਆ ਮਿਟ ਗਈ ਧੁੰਧੂਕਾਰ ਏ।
ਨਾਨਕ ਨੇ ਰੂਪ ਵਟਾਇਆ ਦਸਮੇਸ਼ ਚੋਲਾ ਪਲਟਿਆ,
ਆਯਾ ਧਰਤ ਤੇ ਆਪ ਓਹ ਬਣ ਰਾਮ ਸਿੰਘ ਨਿਰੰਕਾਰ ਏ।

.....................................................

# ਸਾਹਿਬੇ-ਏ-ਕਮਾਲਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ



**ਨਰੈਣ ਸਿੰਘ ਜਲੰਧਰ**
**98150-84646**

ਤੇਗ ਬਹਾਦੁਰ ਪਿਤਾ ਕੋ ਘਰ ਸ੍ਰੀ ਗੁਜਰੀ ਮਾਤ॥
ਸੱਤ੍ਰਾ ਸੈ ਤੇਈ ਸੁਦੀ ਸਤੇ ਪੋਖ ਬਖਯਾਤ॥
ਪਟਨੇ ਮੈ ਪਰਗਟ ਭਏ ਗੁਰ ਗੋਬਿੰਦ ਮਿਰਗਿੰਦ॥
ਪੰਥ ਖਾਲਸਾ ਰਚਯੋ ਜਿਨ ਰੱਖਕ ਹਿੰਦੁਨਜਿੰਦੁ॥

ਗਿਆਨੀ ਗਿਆਨ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਬਾਰੇ ਲਿਖਦੇ ਹਨ ਕਿ ਜਦੋਂ ਅਗਿਆਨ ਦਾ ਹਨੇਰਾ ਦੂਰ ਕਰਨ ਹਿਤ ਸੰਨ 1666 ਵਿੱਚ ਸੂਰਮਈ ਜਲਾਲ ਅਤੇ ਇਲਾਹੀ ਨੂਰ ਨਾਲ ਭਰਪੂਰ ਸ੍ਰੀ ਗੁਰੂ ਗੋਬਿੰਦ ਸਿੰਘ ਰੂਪੀ ਸੂਰਜ ਪ੍ਰਗਟ ਹੋਇਆ ਤਾਂ ਗੁਰੂ ਸਾਹਿਬ ਦੇ ਆਗਮਨ ਦੀ ਖੁਸ਼ੀ ਵਿੱਚ ਮਾਤਾ ਗੁਜਰੀ ਜੀ ਨੇ ਬਹੁਤ ਧਨ ਦੌਲਤ ਵੰਡੀ। ਇਥੋਂ ਤੱਕ ਕਿ ਗਰੀਬਾਂ ਦੀ ਗਰੀਬੀ ਹੀ ਦੂਰ ਕਰ ਦਿੱਤੀ। ਉਹਨਾਂ ਦੇ ਦਰਸ਼ਨ ਕਰਨ ਆ ਰਹੀ ਸੰਗਤ ਜੋ ਵੀ ਮਨ ਵਿੱਚ ਇੱਛਾ ਰੱਖਦੀ ਉਹ ਪੂਰੀ ਹੁੰਦੀ ਸੀ।

ਲੋਗ ਦਰਸ ਹਿਤ ਗੁਰ ਢਿਗ ਆਵੈਂ॥
ਬਾਂਛਤ ਪਾਇ ਧਾਮ ਨਿਜ ਜਾਵੈਂ॥

ਕੁਦਰਤ ਨੂੰ ਸਦੀਆਂ ਦਾ ਸਮਾਂ ਲੱਗਦਾ ਹੈ ਅਜਿਹੀ ਪ੍ਰਤਿਭਾ ਸਿਰਜਨ ਲਈ ਜੋ ਇਤਿਹਾਸ ਦਾ ਰੁੱਖ ਬਦਲਦੀ ਹੈ। ਮਾਨਵਤਾ ਦੇ ਇਤਿਹਾਸ ਵਿੱਚ ਕਦੀ-ਕਦੀ ਹੀ ਅਜਿਹਾ ਵਾਪਰਦਾ ਹੈ ਕਿ ਵਕਤ ਦੀ ਕੁੱਖ ਵਿੱਚੋਂ ਅਜਿਹੀ ਅਜ਼ੀਮ ਰੂਹ ਪ੍ਰਗਟ ਹੁੰਦੀ ਹੈ ਜਿਹੜੀ ਇਕੋ ਸਮੇਂ ਦਾਰਸ਼ਨਿਕ ਖੂਬੀਆਂ, ਫੌਲਾਦੀ ਹੌਂਸਲਾ, ਨਿਡੱਰਤਾ, ਸੱਚ ਅਤੇ ਧਰਮ ਵਿੱਚ ਅਟੱਲ ਵਿਸ਼ਵਾਸ, ਸਿਆਸੀ ਚੇਤਨਤਾ ਆਦਿ ਉਚੀਆਂ ਮਾਨਵੀ ਕੀਮਤਾਂ ਦਾ ਸੁੰਦਰ ਸੁਮੇਲ ਹੁੰਦੀ ਹੈ। ਸਮੁੱਚੀ ਭਾਰਤੀ ਸੰਸਕ੍ਰਿਤੀ ਅਤੇ ਸਿੱਖ ਕੌਮ ਲਈ ਇਹ ਵਿਸ਼ੇਸ਼ ਗੌਰਵ ਹੈ ਕਿ ਅਜਿਹੀ ਸ਼ਖ਼ਸੀਅਤ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਵਰਗੀ ਮਹਾਨ ਰੂਹ ਉਨ੍ਹਾਂ ਨੂੰ ਪ੍ਰਾਪਤ ਹੋਈ ਹੈ। ਗੁਰੂ ਜੀ ਅਜਿਹੇ ਸੂਝਵਾਨ ਵਿਅਕਤਵ ਦੇ ਮਾਲਕ ਸਨ, ਜਿਹਨਾਂ ਦੇ ਵਿਚਾਰਾਂ ਅੰਦਰ ਲੋਕਾਂ ਵਿੱਚ ਨਵੀਂ ਜਾਗ੍ਰਿਤੀ, ਚੜ੍ਹਦੀਕਲਾ ਦਾ ਭਾਵ, ਕੁੱਝ ਕਰ ਗੁਜ਼ਰਨ ਦੀ ਭਾਵਨਾ, ਅਡੋਲਤਾ, ਦ੍ਰਿੜਤਾ,ਜਿੱਤ ਦੀ ਆਸ਼ਾਵਾਦੀ ਮਨੋ-ਅਵਸਥਾ ਸਿਰਜਨ ਦੀ ਅਥਾਹ ਸਮਰੱਥਾ ਮੌਜੂਦ ਸੀ। ਵਿਦਵਤਾ ਅਤੇ ਵਿਚਾਰਾਂ ਦੀ ਪ੍ਰਪੱਕਤਾ ਦਾ ਅਨੁਮਾਨ ਵਿਦਵਾਨ ਦੀ ਸੋਚ ਦਾ ਲੋਕ-ਮਨਾਂ ਉੱਪਰ ਪੈਣ ਵਾਲੇ ਪ੍ਰਭਾਵ ਅਤੇ ਅਸਰ ਤੋਂ ਲਾਇਆ ਜਾਂਦਾ ਹੈ। ਜਿਹੜੀ ਅਗੰਮੀ ਰੂਹ ਅਸੀਮ ਸ਼ਕਤੀ 'ਅਕਾਲ ਪੁਰਖ 'ਕੋਲੋਂ ਅਰਦਾਸ ਰਾਹੀਂ ਵਰਦਾਨ ਹੀ 'ਸ਼ੁਭ ਕਰਮਣ' ਦਾ ਮੰਗਦੀ ਹੈ ਅਤੇ ਹੌਂਸਲਾ-ਤਾਕਤ 'ਜੂਝ ਮਰੋ '(ਕੁਰਬਾਣ ਹੋਣ) ਦਾ ਮੰਗਦੀ ਹੈ, ਉਸ ਦੀ ਸੋਚ ਦਾ ਲੋਕਾਂ ਉੱਪਰ ਉਸਾਰੂ ਤੇ ਅਮਿੱਟ ਅਸਰ ਹੋਣਾ ਨਿਸ਼ਚਿਤ ਹੈ। ਅਜਿਹੀ ਪ੍ਰਤਿਭਾ ਦੇ ਵਿਚਾਰ ਅਤੇ ਜਜ਼ਬੇ ਜਦੋਂ ਕਿਸੇ ਸਾਹਿਤਕ ਕਿਰਤ ਦਾ ਜਾਮਾ ਪਹਿਨ ਕੇ ਪ੍ਰਗਟ ਹੁੰਦੇ ਹਨ ਤਾਂ ਉਹ ਸਾਹਿਤ ਅਤੇ ਕਲਾ ਦੀਆਂ ਸਾਰੀਆਂ ਉਚਾਈਆਂ ਤੇ ਬੁਲੰਦੀਆਂ ਨੂੰ ਸਰ ਕਰ ਜਾਂਦੇ ਹਨ। ਕਲਮ ਅਤੇ ਕਰਮ ਦੀ ਜੋ ਉਚਤ ਮੇਲਤਾ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਰਾਹੀਂ ਮਾਨਵਤਾ ਦੇ ਇਤਿਹਾਸ ਵਿੱਚ ਪ੍ਰਗਟ ਹੋਈ ਹੈ, ਉਹ ਲਾਸਾਨੀ ਅਤੇ ਅਦੁੱਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ ਚਣੌਤੀਆਂ ਨਾਲ ਭਰਿਆ ਪਿਆ ਹੈ ਪਰ ਪੈਗੰਬਰੀ ਅਜਮਤ ਦੀ ਪਰਖ ਕਾਲ ਦੀਆਂ ਸੀਮਾਵਾਂ ਵਿੱਚ ਕੀਤੀ ਹੀ ਨਹੀਂ ਜਾ ਸਕਦੀ। ਇਸ ਸਮੇਂ ਹੋਈ ਅਧਿਆਤਮਿਕ ਅਤੇ ਇਤਿਹਾਸਕ ਪ੍ਰਸੰਗ ਦੀ ਸਿਰਜਨਾ ਦਾ ਆਪਣਾ ਨਿਰਾਲਾ ਪ੍ਰਸੰਗ ਹੈ। ਨੌ ਸਾਲ ਦੀ ਬਾਲੜੀ ਉਮਰ ਵਿੱਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 'ਦੂਸਰੇ ਦੇ ਸੱਚ 'ਵਾਸਤੇ ਸ਼ਹਾਦਤ ਵੱਲ ਤੋਰ ਦੇਣਾ ਅਤੇ (1688 ਤੋਂ ਲੈ ਕੇ

1699) ਪਹਾੜੀ ਰਾਜਿਆਂ ਅਤੇ ਮੁਗਲਈ ਸਲਤਨਤ ਦੀਆਂ ਦੰਭੀ ਚਾਲਾਂ ਦਾ ਜਵਾਬ ਦੇਣ ਲਈ ਜੰਗੇ ਮੈਦਾਨ ਵਿਚ ਉਤਰ ਕੇ ਭਾਰਤ ਦੀ ਪੀੜਿਤ ਲੋਕਾਈ ਨੂੰ ਇਹ ਅਹਿਸਾਸ ਕਰਵਾ ਦੇਣਾ ਕਿ ਆਪਣੀ ਪੱਗ ਦੀ ਰਾਖੀ ਖੁਦ ਹੀ ਕੀਤੀ ਜਾ ਸਕਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਵਿੱਚ ਅਧਿਆਤਮਕ ਗੁਰੂ, ਇਕ ਸਫ਼ਲ ਪ੍ਰਬੰਧਕ, ਹਮੇਸ਼ਾ ਚੜ੍ਹਦੀਕਲਾ ਵਿੱਚ ਵਿਚਰਨ ਵਾਲੇ ਬਲਵਾਨ ਯੋਧੇ, ਉੱਚ ਕੋਟੀ ਦੇ ਕਵੀ, ਸਾਹਿਤਕਾਰ ਤੇ ਸਫ਼ਲ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ। ਨਿਡਰ ਸੈਨਾਪਤੀ ਦੇ ਨਾਲ-ਨਾਲ ਮਾਨਵਤਾਵਾਦੀ ਸਿਧਾਂਤਾਂ ਤੇ ਪਹਿਰਾ ਦੇਣ ਵਾਲੇ ਤੇ ਉਚ-ਨੀਚ ਦੇ ਭਿੰਨ ਭੇਦ ਨੂੰ ਨਕਾਰਨ ਵਾਲੇ ਇਲਾਹੀ ਅਤੇ ਅਗੰਮੀ ਮੂਰਤ ਸਨ।

ਸਿੱਖ ਗੁਰੂਆਂ ਵਲੋਂ ਧਰਮ ਅਤੇ ਰਾਜਨੀਤੀ ਦੇ ਮੇਲ ਨਾਲ ਉਪਜੀ ਇਕਸੁਰਤਾ ਦੀ ਤਾਕਤ ਨੇ ਏਸ਼ੀਆ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ। ਇਕ ਐਸਾ ਪੰਥ ਤਿਆਰ ਕੀਤਾ ਜਿਸ ਵਿੱਚ ਸ਼ਸਤਰ ਦੀ ਦਿਸ਼ਾ ਨਿਰਦੇਸ਼ਨ ਸ਼ਾਸਤਰ ਕਰ ਰਿਹਾ ਸੀ।

ਭਾਰਤੀ ਇਤਿਹਾਸ ਵਿੱਚ ਸਿੱਖ ਧਰਮ ਤੋਂ ਪਹਿਲਾਂ ਭਗਤੀ ਅਤੇ ਭਗੌਤੀ ਦੇ ਸੁਮੇਲ ਦੀ ਅਜਿਹੀ ਕੋਈ ਉਦਾਹਰਣ ਨਹੀਂ ਸੀ- ਸੰਤ ਕੇਵਲ ਸੰਤ ਅਤੇ ਸਿਪਾਹੀ ਕੇਵਲ ਸਿਪਾਹੀ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਸਮੇਂ ਖਾਲਸੇ ਨੂੰ ਸ਼ਸਤ੍ਰਬੱਧ ਕੀਤਾ ਜਦੋਂ ਆਮ ਇਨਸਾਨ ਵਲੋਂ ਸ਼ਸ਼ਤਰ ਦੇ ਪ੍ਰਯੋਗ ਕਰਨ ਦਾ ਵਰਨਣ ਇਤਿਹਾਸ ਵਿੱਚ ਨਹੀਂ ਸੀ।

ਵੰਡਾਂ ਨਾਲ ਭਰੀ ਸਮਾਜਿਕ ਵਿਵਸਥਾ ਤੋਂ ਉੱਪਰ ਉੱਠ ਕੇ ਦਸਮ ਪਿਤਾ ਨੇ ਕੇਵਲ ਦੋ ਹੀ ਸ਼੍ਰੇਣੀਆਂ ਵਿਚ ਮਨੁੱਖਤਾ ਨੂੰ ਵੇਖਿਆ। ਇੱਕ ਚੰਗੇ ਕਰਮ ਕਰਨ ਵਾਲੇ ਗੁਰਮੁਖ ਰੂਪੀ ਦੇਵਤੇ ਅਤੇ ਦੂਜੇ ਰਾਖਸ਼ੀ ਕਰਮ ਕਰਨ ਵਾਲੇ ਮਨਮੁਖ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਇਹ ਦੋਵੇਂ ਹੀ ਸ਼੍ਰੇਣੀਆਂ ਆਪਣੇ ਆਪਣੇ ਕਰਮਾਂ ਦੇ ਆਧਾਰ ਤੇ ਚੰਗੀਆਂ ਜਾਂ ਬੁਰੀਆਂ ਬਣ ਸਕਦੀਆਂ ਹਨ ਅਤੇ ਇਹ ਕੋਈ ਸਦੀਵੀ ਵੰਡ ਨਹੀਂ ਹੈ:-

ਸਾਧੁ ਕਰਮ ਜੇ ਪੁਰਖ ਕਮਾਵਹਿ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ॥
ਨਾਮ ਅਸੁਰ ਤਿਨਕੋ ਸਭ ਧਰਹੀਂ॥
(ਦਸਮਗ੍ਰੰਥ, ਬਚਿਤ੍ਰ ਨਾਟਕ ੨/੧੫)

ਦ੍ਰਿੜ ਨਿਸ਼ਚੇ ਨਾਲ ਚਿੜੀਆਂ ਨੂੰ ਬਾਜ਼ ਬਣਾਉਣ ਦਾ ਦਾਅਵਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਅਤੇ ਐਲਾਨ ਕੀਤਾ ਸੀ ਕਿ ਇਹਨਾਂ ਨਿਤਾਣਿਆਂ ਵਿਚ ਜੁਅੱਰਤ ਅਤੇ ਚੜ੍ਹਦੀ ਕਲਾ ਭਰਨ ਦੇ ਬਾਅਦ ਹੀ ਗੋਬਿੰਦ ਸਿੰਘ ਕਹਿਲਾਉਣ ਦਾ ਹੱਕਦਾਰ ਹੋਵਾਂਗਾ।

ਚਿੜੀਅਨ ਸੇ ਜਬ ਬਾਜ਼ ਤੁੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਜਿਸ ਤਰ੍ਹਾਂ ਦੀ ਦੀਰਘ ਸਮੱਸਿਆ ਸੀ ਉਸਨੂੰ ਨਜਿੱਠਣ ਲਈ ਉਸ ਤੋਂ ਵੀ ਵੱਧ ਹੌਂਸਲੇ ਅਤੇ ਸਿਆਣੀ ਨੀਤੀ ਦੀ ਲੋੜ ਸੀ ਜੋ ਕੇਵਲ ਅਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਹੀ ਪੂਰਾ ਕਰ ਸਕਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੀ ਰਚਨਾ ਦਾ ਇਕ-ਇਕ ਸ਼ਬਦ ਹੀ ਉਹਨਾਂ ਦੀ ਵਿਲੱਖਣ ਸ਼ਖ਼ਸੀਅਤ ਦੀ ਗਵਾਹੀ ਭਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਵਿਚਲੀ ਭਾਸ਼ਾ ਤੇ ਸ਼ਬਦਾਬਲੀ ਉਸ ਸਮੇਂ ਦੀ ਪ੍ਰਚਲਿਤ ਪੰਜਾਬੀ ਬੋਲੀ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਇਸ ਲਈ ਇਸ ਵਾਰ ਉੱਤੇ ਵੀ ਫ਼ਾਰਸੀ ਤੇ ਬ੍ਰਿਜ ਭਾਸ਼ਾ ਦਾ ਰੰਗ ਚੜ੍ਹਿਆ ਹੋਇਆ ਹੈ। ਇਸ ਵਾਰ ਦੀ ਬੋਲੀ ਠੇਠ ਪੰਜਾਬੀ ਨਹੀਂ। ਇਸ ਵਾਰ ਵਿੱਚ ਵਰਤੇ ਗਏ ਕਈ ਸ਼ਬਦ ਗੁਰਬਾਣੀ ਦੇ ਸ਼ਬਦ ਜੋੜਾਂ ਨਾਲ ਵੀ ਮੇਲ ਖਾਂਦੇ ਹਨ ਜਿਵੇਂ:

ਰਾਮਦਾਸੈ, ਹਰਿਗੋਬਿੰਦ, ਧਿਆਇਐ, ਜਿਸੁ ਨਉਨਿਧ, ਸੈਸਾਰ, ਅੰਤੁ, ਜਮੁ, ਨਦਰਿ, ਸੁਵਿਕੈ, ਵਿਚਿ, ਅਗੈ, ਮੁਹਿ, ਨਾਲਹੁ, ਮਾਰੀਅਨੁ, ਅੰਦਰਿ, ਆਦਿ।

ਇਸ ਵਾਰ ਦੀ ਸ਼ਬਦਾਵਲੀ ਬੜੀ ਢੁੱਕਵੀਂ ਅਤੇ ਸਮੇਂ ਦੇ ਅਨੁਕੂਲ ਹੈ। ਸ਼ਬਦਾਂ ਦੀ ਘਾੜਤ ਕਰਨ ਵੇਲੇ ਗੁਰੂ ਜੀ ਨੇ ਵਧੇਰੇ ਪਛੇਤਰਾਂ ਦੀ ਵਰਤੋਂ ਕੀਤੀ ਹੈ।

ਇਸ ਵਾਰ ਦੀ ਇਹ ਵੀ ਵਿਲੱਖਣਤਾ ਹੈ ਕਿ 'ਪੰਜਾਬੀ ਸਾਹਿਤ ਵਿਚ ਇਹ ਪਹਿਲੀ ਅਜੇਹੀ ਵਾਰ ਹੈ ਜਿਸ ਵਿਚ ਇਕ ਇਸਤਰੀ ਨੂੰ ਨਾਇਕਾ ਬਣਾਇਆ ਗਿਆ ਹੈ। ਭਾਵੇਂ ਇਸ ਵਾਰ ਦੀ ਕਹਾਣੀ ਤ੍ਰੇਤੇ ਯੁੱਗ ਦੀ ਹੈ ਪਰ ਭਾਰਤ ਵਾਸੀਆਂ ਨੂੰ ਇਸ ਤੋਂ ਵੱਡੀ ਸਿੱਖਿਆ ਮਿਲਦੀ ਹੈ।

'ਚੰਡੀ ਦੀ ਵਾਰ 'ਬ੍ਰਿਤਾਂਤਕ ਕਾਵਿ ਰੂਪ ਹੈ, ਜਿਸ ਕਰਕੇ ਇਸ ਦੀ ਪੇਸ਼ਕਾਰੀ ਮੌਖਿਕ, ਸੰਬੋਧਨ ਵਾਲੀ ਹੈ। 'ਚੰਡੀ ਦੀ ਵਾਰ 'ਵਿਚਲੀ ਭਾਸ਼ਾ ਜੁਗਤ ਸੰਬੋਧਨ ਵਾਲੀ ਹੈ। ‘ਚੰਡੀ ਦੀ ਵਾਰ 'ਦੋ ਵਿਰੋਧੀ ਸ਼ਕਤੀਆਂ ਦੇ ਟਕਰਾਉ ਦਾ ਵਰਣਨ ਪੇਸ਼ ਕਰਦੀ ਬੀਰ-ਰਸੀ, ਕਾਵਿ -ਰਚਨਾ ਹੈ। ਇੰਜ ਲਈ ਇਸ ਵਿਚ ਦੁਰਗਾ/ਚੰਡੀ ਨਾਇਕਾ ਦੇ ਰੂਪ ਵਿੱਚ ਪੇਸ਼ ਕੀਤੀ ਗਈ ਹੈ ਜੋ ਈਸ਼ਵਰੀ ਸ਼ਕਤੀ ਦੀ ਧਾਰਨੀ ਹੈ ਅਤੇ ਦੈਂਤ/ਰਾਖਸ਼ਿਸ਼ ਦੇਵਤਿਆਂ ਦਾ ਅਭਿਮਾਨ ਉਤਾਰਨ ਲਈ ਪੈਦਾ ਸ਼ਕਤੀਆਂ ਦੇ ਧਾਰਨੀ ਹਨ। ਸਮੁੱਚੀ ਰਚਨਾ ਦੋਹਾਂ ਦੇ ਟਕਰਾਵਾਂ ਨੂੰ ਪੇਸ਼ ਕਰਦੀ ਇਕ ਮਾਤਰ ਰਚਨਾ ਹੈ।

'ਚੰਡੀ ਦੀ ਵਾਰ 'ਵਿਚ ਗੁਰੂ ਸਾਹਿਬ ਜੀ ਦੇ ਲੋਕ ਵਾਰਾਂ ਦਾ ਗਾਇਨ ਕਰਨ ਦੀ ਪੱਧਤੀ ਪਉੜੀ ਦੀ ਧਾਰਨਾ ਤੇ ਕੀਤੀ ਹੈ। ਜਿਸ ਦੇ ਗਾਉਣ ਨਾਲ ਬਹਾਦਰਾਂ ਦੀ ਵੀਰਤਾ ਦੇ ਪ੍ਰਸੰਗ ਬੜੇ ਸੁਚੱਜੇ ਢੰਗ ਨਾਲ ਗਾਉਣ ਦੇ ਫਲਸਰੂਪ ਸਰੋਤਿਆਂ ਅੰਦਰ ਜਜ਼ਬਾ ਤੇ ਉਤਸ਼ਾਹ ਪੈਦਾ ਹੋ ਸਕੇ। ਉਹ ਵੀ ਹੌਂਸਲੇ ਬੁਲੰਦ ਇਨਸਾਨ ਬਣਨ ਯੋਗ ਹੋ ਸਕਣ।

'ਚੰਡੀ ਦੀ ਵਾਰ 'ਪਉੜੀਆਂ ਵਿੱਚ ਹੈ ਜੋ ਸਿਰਖੰਡੀ ਛੰਦ ਨਾਲ ਸੰਪੰਨ ਕੀਤੀ ਗਈ ਹੈ। ਸਿਰਖੰਡੀ ਛੰਦ ਦੇ ਤਿੰਨ ਰੂਪ 'ਚੰਡੀ ਦੀ ਵਾਰ 'ਵਿਚੋਂ ਉਪਲਬਧ ਹੁੰਦੇ ਹਨ ਜਦੋਂ ਕਿ 'ਪਉੜੀ' ਵਾਰ ਰੂਪ ਦਾ ਕਾਵਿ-ਛੰਦ ਹੈ।

'ਚੰਡੀ ਦੀ ਵਾਰ' ਵਿੱਚ ਪ੍ਰਤੀਕ ਜੁਗਤ ਦੀ ਬਹੁ-ਪੱਖੀ ਵਰਤੋਂ ਕੀਤੀ ਗਈ ਹੈ, ਜਿਸ ਕਰਕੇ ਇਹ ਵਿਸ਼ਵ-ਵਿਆਪੀ ਤੋਂ ਤੁਰਦੀ ਸਥਾਨਕ, ਪਰੰਪਰਾਗਤ ਅਧਿਆਤਮਕ, ਇਤਿਹਾਸਕ/ਮਿਥਿਹਾਸਕ ਪੜਾਵਾਂ ਤੋਂ ਗੁਜ਼ਰਦੀ ਵਿਅਕਤੀਗਤ ਪਹੁੰਚ ਤੱਕ ਆਉਂਦੀ ਹੈ।

'ਚੰਡੀ ਦੀ ਵਾਰ ' ਵਿੱਚ ਵਿਸ਼ਵ-ਵਿਆਪੀ ਪ੍ਰਤੀਕਾਂ ਵਿੱਚ ਭਗਉਤੀ ਨੂੰ ਸ਼ਕਤੀ, ਸੀਹਣੀ (ਸ਼ੇਰਨੀ, ਫੌਲਾਦੀ) ਖੜਗ, ਤਲਵਾਰ, ਖੰਡਾ, ਕਿਰਪਾਨੀ, ਭਵਾਨੀ ਦੁਰਗਾ, ਦੁਰਗਸ਼ਾਹ, ਕਾਲੀ ਕਾਲਿਕਾ, ਚੰਡਿ, ਸਰਬਲੋਹ ਤਲਵਾਰ ਰੂਪਾਂ ਵਿੱਚ ਵਰਤਿਆ ਗਿਆ ਹੈ। ਸ਼ੇਰ ਸ਼ਕਤੀ ਦਾ ਪ੍ਰਤੀਕ ਹੈ, ਤਲਵਾਰ ਵੀ ਸ਼ਕਤੀ ਦੀ ਨਿਸ਼ਾਨੀ ਹੈ।

'ਚੰਡੀ ਦੀ ਵਾਰ 'ਪੰਜਾਬੀ ਸਾਹਿਤ ਦੀ ਸਭ ਤੋਂ ਪਹਿਲੀ ਬੀਰ-ਰਸੀ ਵਾਰ ਹੈ, ਜਿਸ ਵਿਚ ਕਾਵਿ ਪਰੰਪਰਾ ਨੂੰ ਹਰ ਪੱਖੋਂ ਨਿਭਾਉਣ ਦਾ ਯਤਨ ਕੀਤਾ ਗਿਆ ਹੈ। ਇਸ ਵਾਰ ਵਿੱਚ ਪਹਿਲੀ ਵਾਰ ਇਕ ਇਸਤਰੀ (ਦੁਰਗਾ) ਨੂੰ ਨਾਇਕਾ ਦਾ ਦਰਜ਼ਾ ਦਿੱਤਾ ਗਿਆ ਹੈ, ਜਿਸ ਦੀ ਕਥਾ ਤ੍ਰੇਤੇ ਯੁੱਗ ਦੀ ਹੈ, ਜੋ ਦੈਂਤਾਂ ਨੂੰ ਪਛਾੜਦੀ ਹੈ।

'ਚੰਡੀ ਦੀ ਵਾਰ' ਗੁਰੂ ਸਾਹਿਬ ਦੀ ਇਕ ਅਦੁੱਤੀ ਕਾਵਿ -ਰਚਨਾ ਹੈ ਜਿਸ ਵਿਚ ਨਾਇਕਾ ਅਤੇ ਖਲਨਾਇਕਾਂ ਨੂੰ ਨਿਰਪੱਖ ਰੂਪ ਵਿੱਚ ਚਿਤਰਿਆ ਗਿਆ ਹੈ। ਬੋਲੀ, ਸ਼ੈਲੀ ਅਤੇ ਛੰਦ ਦੇ ਪੱਖੋਂ ਵੀ ਇਹ ਇਕ ਮੱਧ ਕਾਲ ਦੀ ਸ੍ਰੇਸ਼ਟ ਰਚਨਾ ਹੈ। ਸੰਗੀਤ ਅਤੇ ਬੀਰ-ਰਸ ਦੇ ਨਾਲ-ਨਾਲ ਵਾਰ ਦੇ ਰੂਪਾਕਾਰ ਦੇ ਤੱਤਾਂ ਨਾਲ ਮਿੱਥਕ ਸੰਕੇਤਾਂ ਨੂੰ ਧਾਰਮਿਕ, ਰਾਜਨੀਤਕ ਅਤੇ ਇਤਿਹਾਸਕ ਸੰਦਰਭ ਤੋਂ ਸੁਚੇਤ ਹੋ ਕੇ ਚਿਤਰਿਆ ਗਿਆ ਹੈ। ਇਸੇ ਲਈ 'ਚੰਡੀ ਦੀ ਵਾਰ' ਮੱਧ ਕਾਲ ਦੀ ਸਰਵ ਸ੍ਰੇਸ਼ਟ ਬੀਰ-ਰਸੀ ਕਾਵਿ-ਧਾਰਾ ਦੀ ਕਲਾਸੀਕਲ ਸਾਹਿਤਕ ਰਚਨਾ ਮੰਨੀ ਗਈ ਹੈ।

'ਜ਼ਫਰਨਾਮਾ' ਗੁਰੂ ਜੀ ਦੁਆਰਾ ਫ਼ਾਰਸੀ ਭਾਸ਼ਾ ਵਿਚ ਕਵਿਤਾ ਦੇ ਮਾਧਿਅਮ ਰਾਹੀਂ ਭਾਰਤ ਉੱਪਰ ਸਥਾਪਿਤ ਮੁਗਲ ਸਲਤਨਤ ਦੇ ਤਾਕਤਵਰ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਗਿਆ ਪੱਤਰ ਹੈ, ਜਿਸ ਵਿਚ ਨੇਕੀ ਦੀ ਬਦੀ ਉੱਤੇ ਜਿੱਤ ਦਾ ਖੁੱਲ੍ਹਾ ਐਲਾਨ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਦੀ ਹਾਰ ਦਾ ਖੁਲਾਸਾ ਕੀਤਾ ਹੈ। 'ਜ਼ਫਰਨਾਮਾ' (ਜਿੱਤ ਦੀ ਚਿੱਠੀ) ਕੁਲ 111 ਸਿਅਰਾਂ ਵਾਲੀ ਕਾਵਿ -ਮਈ ਰਚਨਾ ਹੈ। ਜਿਸ ਦੇ ਆਰੰਭ ਵਿੱਚ ਪਰਮਾਤਮਾ ਪ੍ਰਤੀ ਸ਼ਰਧਾ, ਅਟੱਲ ਵਿਸ਼ਵਾਸ ਅਤੇ ਸਤਿਕਾਰ ਪ੍ਰਗਟ ਕਰਦਿਆਂ ਇਸ ਜਗਤ ਵਿਚ ਪਰਮਾਤਮਾ ਦੀ ਉੱਚਤਾ ਨੂੰ ਸਥਾਪਿਤ ਕੀਤਾ ਹੈ ਜੋ ਆਪਣੇ ਆਪ ਵਿੱਚ ਇੱਕ ਘੁਮੰਡੀ, ਜ਼ਾਲਮ ਬਾਦਸ਼ਾਹ ਨੂੰ ਉਸ ਦੀ ਥਾਂ ਦਿਖਾਉਣ ਅਤੇ ਤੁੱਛਤਾ ਦਾ ਅਹਿਸਾਸ ਕਰਾਉਣਾ ਹੈ।

ਦੂਸਰੇ ਹਿੱਸੇ ਵਿਚ ਚਮਕੌਰ ਸਾਹਿਬ ਦੇ ਯੁੱਧ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਕਥਾ ਬਿਆਨ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਸਪੱਸ਼ਟ ਸ਼ਬਦਾਂ ਵਿੱਚ ਉਸ ਦੀ ਤੰਗ ਦਿਲੀ, ਫਿਰਕਾਪ੍ਰਸਤੀ (ਧਰਮ-ਅੰਧਤਾ), ਲੋਕਾਂ ਪ੍ਰਤੀ ਦੁਸ਼ਟ ਵਿਵਹਾਰ ਦਾ ਸੱਚ ਬਹੁਤ ਹੀ ਸਾਹਸਮਈ ਢੰਗ ਨਾਲ ਸੁਣਾਇਆ ਹੈ।

ਜਦੋਂ ਅਸੀਂ ਸਭ ਪਾਸਿਓਂ ਦੁਸ਼ਮਣਾਂ ਨਾਲ ਘਿਰੇ ਕਹਿਲੂਰ ਰਿਆਸਤ ਦੇ ਛੋਟੇ ਜਿਹੇ ਉਜੜੇ ਪਿੰਡ ਦੀ ਇਕ ਟੇਕੜੀ ਤੇ ਮੁੱਠੀ ਭਰ ਸਾਥੀਆਂ ਨਾਲ ਵੱਸਣ ਵਾਲੇ ਬਾਦਸ਼ਾਹ-ਦਰਵੇਸ਼ ਦੇ ਜੀਵਨ ਵੱਲ ਝਾਤੀ ਮਾਰਦੇ ਹਾਂ ਤਾਂ ਹੈਰਾਨ ਹੋ

ਜਾਈਦਾ ਹੈ ਕਿ ਚਾਰ ਪੁੱਤਰਾਂ ਸਹਿਤ ਪਰਿਵਾਰ ਦੇ ਅਨੇਕਾਂ ਜੀਆਂ ਅਤੇ ਬਹੁਤ ਪਿਆਰੇ ਸੰਗੀਆਂ ਦੀ ਸ਼ਹਾਦਤ ਪਿੱਛੋਂ ਖਾਲੀ ਹੱਥ ਇਕੱਲੇ ਵਿਚਰਦਿਆਂ ਵੀ ਭਾਰਤ ਦੇ ਤਾਕਤਵਰ ਸਮਰਾਟ ਨੂੰ ਵੰਗਾਰ ਕੇ ਕਹਿੰਦੇ ਹਨ, "ਹੁਮਾਰਾ ਕਸੇ ਸਾਯ: ਆਯਦ ਬਜ਼ਰ। ਬਰੋ ਦਸਤ ਦਾਰਦ ਨ ਜ਼ਗੇ ਦਲੇਰ।" ਭਾਵ ਜੋ ਕੋਈ ਹੁਮਾਂ ਦੇ ਪਰਛਾਵੇਂ ਥੱਲੇ ਆ ਗਿਆ, ਉਸ ਨੂੰ ਕਾਂ ਹੱਥ ਨਹੀਂ ਪਾ ਸਕਦਾ। ਉਹ ਅਸੀਮ ਆਤਮ-ਵਿਸ਼ਵਾਸ ਨਾਲ ਹੋਰ ਕਹਿੰਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਅਜੇ ਤਾਂ ਕੁੰਡਲੀਦਾਰ ਭੁਝੰਗੀ (ਖਾਲਸਾ) ਬਾਕੀ ਹੈ।

ਜਿਥੇ ਵਿਸ਼ਵ ਦੀਆਂ ਮਹਾਂਸ਼ਕਤੀਆਂ ਬਿਪਤਾ ਸਮੇਂ ਰਾਸ਼ਟਰੀ ਸਨਮਾਨ ਦੀ ਕੀਮਤ ਤੇ ਵੀ ਪਰਾਏ ਆਸਰਿਆਂ ਲਈ ਤਰਲੇ ਲੈਂਦੀਆਂ ਹਨ, ਉਥੇ ਸਾਹਿਬ ਦਸਮ ਪਾਤਸ਼ਾਹ 'ਇਕ ਬਿਨ ਦੂਸਰ ਸੋ ਨਾ ਚਿਨ੍ਹਾਰ 'ਅਤੇ'ਗੁਰੂ ਨਹੀਂ ਇਕੱਲਾ ਗੁਰੂ ਨਾਲ ਅੱਲਾਹ 'ਦੇ ਦ੍ਰਿੜ੍ਹ ਵਿਸ਼ਵਾਸ ਨਾਲ ਇਕੋ ਮਾਲਿਕ ਦੇ ਆਸਰੇ ਰਹਿਣ ਦੀ ਪ੍ਰੇਰਨਾ ਦਿੰਦਿਆਂ ਲਿਖਦੇ ਹਨ, "ਕਮਾਲਿ ਕਰਾਮਾਤ ਕਾਇਮ ਕਰੀਮ। ਰਜ਼ਾ ਬਖ਼ਸ਼ੋ ਰਾਜਿਕ ਰਿਹਾਕੁਨ ਰਹੀਮ।" ਪਰਾਈਆਂ ਸ਼ਕਤੀਆਂ ਆਸਰੇ ਸੂਰਬੀਰਤਾ ਦੇ ਵਿਸਤਾਰ ਵਿਚ ਉਨ੍ਹਾਂ ਦਾ ਰਤਾ ਭਰ ਵੀ ਵਿਸ਼ਵਾਸ ਨਹੀਂ ਸੀ।

ਉਹ ਸੂਰਬੀਰਤਾ ਦੇ ਜਾਚਕ ਨਹੀਂ ਸੂਰਬੀਰਤਾ ਦੇ ਅਜਿਹੇ ਵਾਸਤਵਿਕ ਸੋਮੇ ਸਨ, ਜਿਨ੍ਹਾਂ ਦੇ ਸੀਰਖੋਰ ਪੁੱਤਰਾਂ ਨੂੰ ਵੀ ਦੁਨੀਆਂ ਦਾ ਕੋਈ ਭੈਅ ਅਤੇ ਲਾਲਚ ਸਿੱਖੀ ਸਿਦਕ ਤੋਂ ਥੋੜ੍ਹਾ ਜਿਨ੍ਹਾਂ ਦੂਰ ਨਹੀਂ ਸੀ ਕਰ ਸਕਿਆ।

ਮਨੁੱਖ ਦਾ ਇਹ ਅਹੰਕਾਰ ਹੈ ਕਿ ਉਹ ਆਪਣੀ ਭਾਸ਼ਾ ਨੂੰ ਸਰਵੋਤਮ ਹੀ ਨਹੀਂ ਸਮਝਦਾ, ਸਗੋਂ ਦੂਜੀਆਂ ਭਾਸ਼ਾਵਾਂ ਨੂੰ ਤੁੱਛ ਸਮਝਣ ਦੇ ਵਿਨਾਸ਼ਕਾਰੀ ਵਿਚਾਰਾਂ ਤੋਂ ਵੀ ਨਿਰਲੇਪ ਨਹੀਂ ਰਹਿ ਸਕਦਾ। ਸਾਰੇ ਗੁਰੂ ਸਾਹਿਬਾਨ ਦਾ ਇਹ ਵਿਚਾਰ ਰਿਹਾ ਹੈ ਕਿ ਭਾਸ਼ਾ ਮਨੁੱਖ ਨਾਲ ਜੋੜਨ ਵਾਸਤੇ ਹੈ ਨਾ ਕਿ ਤੋੜਨ ਵਾਸਤੇ। ਕਿਸੇ ਵੀ ਭਾਸ਼ਾ ਵਿਚ ਕੀਤੀ ਚੰਗੀ ਗੱਲ ਸਲਾਹੁਣਯੋਗ ਹੈ ਅਤੇ ਮੰਦੇ ਬੋਲ ਹਰ ਭਾਸ਼ਾ ਵਿਚ ਹੀ ਮੰਦੇ ਹਨ। ਕਿਸੇ ਖ਼ਾਸ ਭਾਸ਼ਾ ਦੀ ਪਵਿੱਤਰਤਾ ਨੂੰ ਉਹ ਪੂਰੀ ਤਰ੍ਹਾਂ ਅਪ੍ਰਵਾਨ ਕਰਦੇ ਸਨ। ਗੁਰੂ ਨਾਨਕ ਦੇਵ ਜੀ ਜਿਥੇ ਵੀ ਜਾਂਦੇ ਉਥੋਂ ਦੇ ਲੋਕਾਂ ਦੀ ਭਾਸ਼ਾ ਵਿਚ ਗੱਲ ਕਰਨ ਨੂੰ ਪ੍ਰਾਥਮਿਕਤਾ ਦਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਭਾਸ਼ਾਵਾਂ ਨੂੰ ਸਥਾਨ ਦੇ ਕੇ ਗੁਰੂ ਸਾਹਿਬ ਨੇ ਆਪਣੇ ਵਿਸ਼ਾਲ ਹਿਰਦੇ ਦਾ ਪਰਿਚੈ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜਦੋਂ ਪੱਤਰ ਲਿਖਿਆ ਤਾਂ ਦੂਜੀ ਧਿਰ ਦੀ ਭਾਸ਼ਾ ਵਿਚ ਗੱਲਬਾਤ ਕਰਨ ਨੂੰ ਪਹਿਲ ਦਿੱਤੀ। ਗੁਰੂ ਜੀ ਨੇ ਜ਼ਫ਼ਰਨਾਮੇ ਵਿਚ ਸਿੱਖ ਗ੍ਰੰਥਾਂ ਦੀ ਨਹੀਂ ਸਗੋਂ ਫਿਰਦੌਸੀ ਦੀ ਮਿਸਾਲ ਦੇ ਕੇ ਇਸਲਾਮਿਕ ਸ਼ਬਦਾਵਲੀ ਵਿੱਚ ਗੱਲ ਕਰਦੇ ਹਨ। ਉਨ੍ਹਾਂ ਨੇ ਦਸਮ ਗ੍ਰੰਥ ਦੀ ਪ੍ਰਥਮ ਬਾਣੀ 'ਜਾਪੁ' ਵਿਚ ਇਸਲਾਮਿਕ ਸ਼ਬਦਾਵਲੀ ਅਤੇ ਭਾਰਤੀ ਸ਼ਬਦਾਵਲੀ ਨੂੰ ਇਸ ਤਰੀਕੇ ਨਾਲ ਮਿਲਾਇਆ ਹੈ, ਜਿਵੇਂ ਕਿ ਦੋ ਭਾਸ਼ਾਵਾਂ ਨਹੀਂ, ਦੋ ਧਰਮਾਂ ਦੇ ਸਮੂਹ ਲੋਕਾਂ ਦਾ ਆਤਮਿਕ ਮਿਲਨ ਹੋ ਰਿਹਾ ਹੋਵੇ।

ਕਠਿਨ ਹਾਲਾਤ ਵਿੱਚ ਜਦੋਂ ਕਦੇ ਕੌਮ ਸਾਹਮਣੇ ਇਹ ਸਮੱਸਿਆ ਆ ਜਾਵੇ ਕਿ ਵਿਰੋਧੀ ਧਿਰ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ ਜਾਂ ਨਹੀਂ ਤਾਂ ਗੁਰੂ ਜੀ ਦੀ ਰਚਨਾ ਜ਼ਫ਼ਰਨਾਮਾ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਗਿਆਨੀ ਗਿਆਨ ਸਿੰਘ ਕਹਿੰਦੇ ਹਨ ਕਿ ਇਕ ਦਿਨ ਭਾਈ ਮਾਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਜੇਕਰ ਔਰੰਗਜ਼ੇਬ ਦਾ ਬੱਧ ਕਰ ਦਿੱਤਾ ਜਾਵੇ ਤਾਂ ਤੁਰਕ ਸਾਮਰਾਜ ਦਾ ਆਪ ਹੀ ਵਿਨਾਸ਼ ਹੋ ਜਾਵੇਗਾ ਤਾਂ ਗੁਰੂ ਜੀ ਨੇ ਜਵਾਬ ਵਿੱਚ ਕਿਹਾ ਕਿ ਔਰੰਗੇ ਨੂੰ ਯੁੱਧ ਵਿਚ ਮਾਰਨਾ ਸੀ, ਪਰ ਉਸ ਦੇ ਦੱਖਣ ਵਿਚ ਦੂਰ ਚਲੇ ਜਾਣ ਕਰਕੇ ਨਹੀਂ ਮਾਰ ਸਕੇ।ਹੁਣ ਅਸੀਂ ਉਸਨੂੰ ਬਚਨ ਨਾਲ ਮਾਰਾਂਗੇ। ਇਸ ਤੋਂ ਗੁਰੂ ਜੀ ਦਾ ਭਾਵ ਇਹੋ ਹੋਵੇਗਾ ਕਿ ਜਿੱਥੇ ਸ਼ਸਤਰ ਕਾਰਗਰ ਨਹੀਂ ਜਾਂ ਜੋ ਕੰਮ ਹਥਿਆਰਾਂ ਨਾਲ ਸੰਭਵ ਨਹੀਂ, ਉਹ ਬਚਨ ਜਾਂ ਸ਼ਬਦ ਜਾਂ ਸੰਵਾਦ ਰਾਹੀਂ ਹੋ ਸਕਦਾ ਹੈ।

ਹਰ ਸਮੱਸਿਆ ਦਾ ਅੰਤਿਮ ਹੱਲ ਗੱਲਬਾਤ ਹੀ ਹੈ ਅਤੇ ਗੱਲਬਾਤ ਵੱਡੀ ਤੋਂ ਵੱਡੀ ਦੁਸ਼ਮਣੀ ਰੱਖਣ ਵਾਲੇ ਨਾਲ ਵੀ ਕੀਤੀ ਜਾ ਸਕਦੀ ਹੈ। ਸੰਵਾਦ ਵੀ ਜੇਕਰ ਸਿੱਧਾ ਬਿਨਾਂ ਵਿਚੋਲਗੀ ਹੋਵੇ ਤਾਂ ਨਤੀਜੇ ਬਹੁਤ ਚੰਗੇ ਹੋ ਸਕਦੇ ਹਨ,ਇਸ ਪਾਸੇ ਗੁਰੂ ਜੀ ਸੰਕੇਤ ਕਰਦੇ ਆਖਦੇ ਹਨ, "ਹੇ ਔਰੰਗਜਜ਼ੇਬ ! ਜੇ ਤੂੰ ਮੇਰੇ ਸਾਮ੍ਹਣੇ ਹੁੰਦਾ ਤਾਂ ਸਾਰੀ ਗੱਲ ਪੂਰੀ ਤਰ੍ਹਾਂ ਸੱਚੇ ਹਿਰਦੇ ਨਾਲ ਸਪਸ਼ਟ ਹੋ ਜਾਂਦੀ।"

ਸੱਤਾ ਦੇ ਨਸ਼ੇ ਵਿਚ ਬਦਮਸਤ ਬਾਦਸ਼ਾਹ ਨੂੰ ਧਰਮ ਅਤੇ ਸੱਚ ਦੇ ਸਦੀਵੀ ਤੇ ਸਹੀ ਰੂਪ ਬਾਰੇ ਦੱਸਿਆ ਹੈ। ਔਰੰਗਜ਼ੇਬ ਦੁਆਰਾ ਧਰਮ ਦੇ ਨਾਂ ਤੇ ਜੋ ਅਧਰਮ ਕਮਾਇਆ

ਗਿਆ ਹੈ, ਉਸ ਦਾ ਬਿਆਨ ਜਿਸ ਦਲੇਰੀ ਅਤੇ ਸਪੱਸ਼ਟਤਾ ਨਾਲ ਇਸ ਮਹਾਨ ਕੌਮੀ ਨਾਇਕ ਅਤੇ ਪ੍ਰਤਿਭਾਸੀਲ ਸ਼ਾਇਰ ਵਲੋਂ ਇਸ ਜਿੱਤ ਦੀ ਚਿੱਠੀ ਵਿੱਚ ਪ੍ਰਗਟ ਕੀਤਾ ਹੈ, ਉਹ ਆਪਣੇ ਆਪ ਵਿੱਚ ਇਸ ਵਿਲੱਖਣ ਸ਼ਖ਼ਸੀਅਤ ਦੀ ਉੱਚਤਾ, ਹਿੰਮਤ, ਵਿਦਵਤਾ ਅਤੇ ਕਲਾਤਮਕਤਾ ਦਾ ਉਲੇਖ ਹੈ।

"ਕਿਹ ਅਜਬ ਅਸਤ ਅਜਬ ਅਸਤ ਫ਼ਤਵਾ ਸ਼ੁਮਾ।
ਬਜੁਜ਼ ਹਾਸਤੀ ਸੁਖਨ ਗਫ਼ਤਨ ਜਿਯਾਂ।"

(ਇਹ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਤੂੰ ਮੰਨਦਾ ਹੈਂ ਕਿ ਸੱਚਾਈ ਤੋਂ ਬਿਨਾਂ ਕੋਈ ਵੀ ਹੋਰ ਗੱਲ ਕਰਨ ਵਿਚ ਹਾਨੀ ਹੀ ਹਾਨੀ ਹੈ ਤਾਂ ਦੂਜੇ ਪਾਸੇ ਝੂਠੇ ਫਤਵੇ ਤੇ ਇਕ ਪਾਸੜ ਸ਼ਰ੍ਹਈ ਹੁਕਮਾਂ ਨਾਲ ਇਨਸਾਫ਼ ਦਾ ਘਾਣ ਕਰ ਰਿਹਾ ਹੈ। ਤੂੰ ਕਿੱਥੇ ਖੜ੍ਹਾ ਹੈਂ?

ਔਰੰਗਜ਼ੇਬ ਦੇ ਧਾਰਮਿਕ ਪਾਖੰਡ ਅਤੇ ਮੱਕਾਰ ਮਾਨਵੀ ਚਿਹਰੇ ਨੂੰ ਇਸ ਤੋਂ ਵੱਧ ਕਲਾਮਈ ਢੰਗ ਨਾਲ ਨਹੀਂ ਉਭਾਰਿਆ ਜਾ ਸਕਦਾ।

ਨ ਈਮਾਂ ਪ੍ਰਸੱਤੀ, ਨ ਔਜਾਇ ਦੀਂ।
ਨ ਸਾਹਿਬ ਸ਼ਨਾਸੀ, ਨ ਮੁਹੰਮਦ ਯਕੀਂ।

(ਨਾ ਤੇਰੇ ਪੱਲੇ ਈਮਾਨ ਹੈ ਤੇ ਨਾ ਹੀ ਧਰਮ ਦਾ ਰਾਹ। ਨਾ ਤੂੰ ਰੱਬ ਨੂੰ ਪਛਾਣਦਾ ਹੈਂ ਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ ਤੇ ਭਰੋਸਾ ਹੈ।

ਅਤੇ

ਕਿ ਈਂ ਮਰਦ ਰਾ ਜੱਰਹ ਏਤਬਾਰ ਨੇਸਤ
ਚਿਹ ਕਸਮਿ ਕੁਰਆਂ ਮਸਤ ਯਜ਼ਦਾਂ ਯਕੇਸਤ।

(ਜਿਸ ਮਨੁੱਖ ਨੂੰ ਕੁਰਾਨ ਦੀ ਕਸਮ ਦੀ ਪ੍ਰਵਾਹ ਨਹੀਂ ਤੇ ਜਿਹੜਾ ਪ੍ਰਮਾਤਮਾ ਦੀ ਏਕਤਾ ਤੇ ਭਰੋਸਾ ਨਹੀਂ ਰੱਖਦਾ, ਉਸ ਉਤੇ ਰੀਣ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ।

'ਜ਼ਫ਼ਰਨਾਮਾ' ਦਾ ਹਰ ਸ਼ਬਦ ਚੜ੍ਹਦੀਕਲਾ ਦਾ ਸੂਚਕ ਹੈ।

ਗੁਰੂ ਜੀ ਦਾ ਇਹ ਅਟੱਲ ਵਿਸ਼ਵਾਸ ਹੈ ਕਿ ਸੱਚ ਦੇ ਰਾਹੀ ਨੂੰ ਕੋਈ ਦੁਨਿਆਵੀ ਤਾਕਤ ਮਾਤ ਨਹੀਂ ਦੇ ਸਕਦੀ:

ਹਰ ਆਂ ਕਸ ਕਿਜ਼ੂ ਰਾਸਤਬਾਜੀ ਕੁਨੱਦ।
ਰਹੀਮੇ ਬਰੋ ਰਹਿਮ ਸਾਜੀ ਕੁਨੱਦ।

(ਜਿਹੜਾ ਮਨੁੱਖ ਸੱਚ ਦੇ ਰਾਹ ਉੱਤੇ ਤੁਰਦਾ ਹੈ, ਕਿਰਪਾਲੂ ਪ੍ਰਮਾਤਮਾ ਉਸ ਤੇ ਬਖਸ਼ਿਸ਼ ਕਰਦਾ ਹੈ।

ਗੁਰੂ ਜੀ ਔਰੰਗਜ਼ੇਬ ਨੂੰ ਅਜਿਹੀ ਫਿਟਕਾਰ ਪਾਉਂਦੇ ਹਨ ਜੋ ਇਕ ਜੇਤੂ ਹੀ ਹਾਰੇ ਹੋਏ ਨੂੰ ਪਾ ਸਕਦਾ ਹੈ:

ਨ ਦਾਨਮ ਕਿਹ ਈਂ ਮਰਦਿ ਪੈਮਾਂ ਸਿਕਨ
ਕਿ ਦੌਲਤ ਪ੍ਰਸਤ ਅਸਤੋ ਈਮਾ -ਫਿਗਨ।

(ਮੈਨੂੰ ਨਹੀਂ ਸੀ ਪਤਾ ਕਿ ਬਾਦਸ਼ਾਹ ਬਚਨ-ਤੋੜ, ਮਾਇਆ-ਪੁਜਾਰੀ ਤੇ ਬੇਈਮਾਨ ਹੈ)

ਇਕ ਤਾਕਤਵਰ ਬਾਦਸ਼ਾਹ ਨੂੰ ਧਰਮ -ਯੋਧੇ ਦੀ ਇਸ ਤੋਂ ਵੱਡੀ ਤੇ ਜੇਤੂ ਵੰਗਾਰ ਹੋਰ ਕੀ ਹੋ ਸਕਦੀ ਹੈ।

ਤੂ ਮਸਨਦ ਨਸੀਂ ਸਰਵਰਿ ਕਾਇਨਾਤ।
ਕਿਹ ਅਜਬਸੱਤ ਇਨਸਾਫ ਈਂ ਹਮ ਸਿਫਾਤ।

(ਤੂੰ ਗੱਦੀ ਤੇ ਬੈਠਾ ਬਾਦਸ਼ਾਹ ਹੈਂ ਪਰ ਇਹਨਾਂ ਸਾਰੀਆਂ ਸਿਫ਼ਤਾਂ ਦੇ ਹੁੰਦਿਆਂ ਤੇਰਾ ਇਹ ਨਿਆਂ? ਤੌਬਾ ਹੈਰਾਨੀ ਦੀ ਗੱਲ ਹੈ।)

ਇਸ ਤੋਂ ਵੀ ਵੱਧ ਗੁਰੂ ਜੀ ਉਸ ਨੂੰ ਮੁਕੰਮਲ ਹਾਰੇ ਹੋਏ ਰਾਜੇ ਦੇ ਰੂਪ ਵਿੱਚ ਫਿਟਕਾਰ ਪਾਉਂਦੇ ਹਨ-

ਕੀ ਅਜਬਸੱਤ ਇਨਸਾਫੋ ਦੀ ਪਰਵਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।

(ਤੇਰੀ ਬਾਦਸ਼ਾਹਤ ਉਤੇ ਅਫ਼ਸੋਸ ਹੈ। ਤੇਰੇ ਇਨਸਾਫ਼ ਤੇ ਦੀਨਾਦਾਰੀ ਜਾਂ ਧਰਮ-ਪ੍ਰਸਤੀ ਉੱਤੇ ਹੈਰਾਨੀ ਹੈ।)

ਘੋਰ ਸੰਕਟ ਦੇ ਸਮੇਂ ਸਾਥ ਛੱਡ ਜਾਣ ਵਾਲੇ ਆਪਣੇ ਨਜ਼ਦੀਕੀ ਸਿੰਘਾਂ ਵਲੋਂ ਪਸ਼ਚਾਤਾਪ ਕਰਨ ਤੋਂ ਬਾਅਦ ਬੇਦਾਵਾ ਪਾੜਨਾ ਅਤੇ ਬਾਦ ਵਿੱਚ ਦਸ-ਦਸ ਹਜ਼ਾਰੀ ਸਿੰਘਾਂ ਦਾ ਖਿਤਾਬ ਬਖਸ਼ਣਾ ਇਕ ਅਨੋਖੀ ਮਿਸਾਲ ਹੈ ਸਿੱਖ ਇਤਿਹਾਸ ਵਿੱਚ।

ਇਲਾਹੀ ਤੇ ਅਗੰਮੀ ਨੂਰ ਦੇ ਮਾਲਕ ਗੁਰੂ ਸਾਹਿਬ ਆਦਰਸ਼ਕ ਪਤੀ ਤੇ ਪਿਤਾ ਦੇ ਰੂਪ ਵਿਚ ਵਿਚਰੇ। ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦਾ ਨਿਡਰਤਾ ਤੇ ਦਲੇਰੀ ਨਾਲ ਵਿਰੋਧੀਆਂ ਦਾ ਮੁਕਾਬਲਾ ਕਰਨਾ, ਸਿੱਖੀ ਵਿੱਚ ਪ੍ਰਪੱਕ ਰਹਿਣਾ ਤੇ ਸ਼ਹੀਦ ਹੋ ਜਾਣਾ, ਗੁਰੂ ਸਾਹਿਬ ਵਲੋਂ ਭਾਣੇ ਵਿੱਚ 'ਅਕਾਲ ਵਾਹ' ਉਚਾਰਨੀ, ਸਾਰਾ ਪਰਿਵਾਰ ਹੀ ਪੰਥ ਲਈ ਕੁਰਬਾਨ ਕਰ ਦੇਣਾ, ਉਹਨਾਂ ਦੀ ਵਿਲੱਖਣ ਸ਼ਖ਼ਸੀਅਤ ਭੈ-ਰਹਿਤ ਅਤੇ ਸਰਬੰਸ ਦਾਨੀ ਹੋਣ ਦਾ ਸਬੂਤ ਦਿੰਦੀ ਹੈ।

ਅੱਜ ਤੱਕ ਦੇ ਇਤਿਹਾਸ ਵਿਚ ਕਿਤੇ ਵੀ ਐਸੀ ਮਿਸਾਲ ਨਹੀਂ ਮਿਲਦੀ ਜਿਥੇ ਕਿਸੇ ਗੁਰੂ ਨੇ ਮਾਨਵਤਾ ਦੇ

ਕਲਿਆਣ ਲਈ ਜ਼ੁਲਮ, ਅਨਿਆਏ ਦੇ ਖਿਲਾਫ ਧਰਮ ਯੁੱਧ ਕਰਦਿਆਂ ਆਪਣਾ ਸਾਰਾ ਸਰਬੰਸ ਹੀ ਵਾਰ ਦਿੱਤਾ ਹੋਵੇ।

ਉਹਨਾਂ ਦਾ ਨਿਸ਼ਾਨਾ ਧਰਤੀ ਦੇ ਕਿਸੇ ਟੁਕੜੇ ਤੇ ਰਾਜ ਕਰਨਾ ਜਾਂ ਦੁਨਿਆਵੀ ਧਨ ਦੌਲਤ ਇਕੱਠੀ ਕਰਨਾ ਨਹੀਂ ਸੀ ਸਗੋਂ ਮਾਨਵ ਏਕਤਾ ਲਈ ਉਚ-ਨੀਚ, ਜਾਤ-ਪਾਤ ਦੇ ਵਿਤਕਰੇ ਮਿਟਾ ਕੇ ਨਿਪੱਤਿਆਂ ਨੂੰ ਪੱਤ ਬਖਸ਼ਣਾ, ਨਿਆਸਰਿਆਂ ਨੂੰ ਆਸਰਾ ਦੇਣਾ ਅਤੇ ਜ਼ੁਲਮ ਬੇਇਨਸਾਫ਼ੀ ਦੇ ਖ਼ਿਲਾਫ਼ ਲੜਨ ਦੀ ਜਾਚ ਸਿਖਾਉਣਾ ਸੀ। ਉਹਨਾਂ ਨੇ ਜੀਵਨ ਦੇ ਘੋਰ ਸੰਕਟ ਵਾਲੇ ਪਲਾਂ ਵਿਚ ਵੀ ਪ੍ਰਮਾਤਮਾ ਦਾ ਭਾਣਾ ਮੰਨਿਆ। ਇਹ ਅਵਸਥਾ ਅਧਿਆਤਮਕ ਰੰਗ ਵਿਚ ਰੰਗੇ ਹੋਏ ਸਾਧਕ ਦੀ ਹੀ ਹੋ ਸਕਦੀ ਹੈ। ਇਹਨਾਂ ਦੇ ਜੀਵਨ ਦੇ ਕੁਝ ਪਹਿਲੂ ਜਿਥੇ ਦਿਲ ਹਿਲਾ ਦੇਣ ਵਾਲੇ ਹਨ,ਉਥੇ ਕਲਗੀਧਰ ਪਿਤਾ ਦਾ ਚੜ੍ਹਦੀਕਲਾ ਵਿੱਚ ਰਹਿਣਾ ਇਕ ਵਿਲੱਖਣ ਮਿਸਾਲ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਖਿਪਤ ਜੀਵਨ ਕਾਲ ਵਿੱਚ ਅਜਿਹੀਆਂ ਇਤਿਹਾਸਕ ਪਿਰਤਾਂ ਪਾਈਆਂ ਜੋ ਸੰਸਾਰ ਵਿੱਚ ਅਚੰਭਾ ਹਨ। ਉਹਨਾਂ ਹਰ ਕੰਮ ਇਕ ਨਵੇਂ ਅੰਦਾਜ਼ ਵਿੱਚ ਕੀਤਾ ਜਿਵੇਂ ਯੁੱਧ ਦੌਰਾਨ ਗੁਰੂ ਜੀ ਦੇ ਤੀਰਾਂ ਨਾਲ ਸੋਨਾ ਮੜਿਆ ਹੁੰਦਾ ਸੀ, ਜਿਸ ਪਿਛੇ ਵੀ ਮਕਸਦ ਹੁੰਦਾ ਸੀ ਤਾਂ ਜੋ ਜੇ ਵੈਰੀ ਦੀ ਮੌਤ ਹੋ ਜਾਏ ਤਾਂ ਉਸ ਤੀਰ ਨਾਲ ਲੱਗੇ ਸੋਨੇ ਦੀ ਕੀਮਤ ਨਾਲ ਉਸਦਾ ਅੰਤਿਮ ਕਿਰਿਆ ਕਰਮ ਹੋ ਸਕੇ।

ਖਾਲਸਾ ਪੰਥ ਸਾਜਣ ਵਾਲੀ ਇਸ ਸ਼ਖ਼ਸੀਅਤ ਨੇ ਇਕ ਆਮ ਜਨ ਨੂੰ ਸੰਤ ਸਿਪਾਹੀ ਬਣਾ ਕੇ ਦੁਨੀਆ ਵਿਚ ਨਵੇਂ ਮਨੁੱਖ ਦੀ ਘਾੜਤ ਘੜੀ, ਜਿਸਦੇ ਇਕ ਹੱਥ ਵਿੱਚ ਅਕਾਲਪੁਰਖ ਨੂੰ ਮਿਲਣ ਦਾ ਰਹੱਸ ਸੀ ਅਤੇ ਦੂਜੇ ਹੱਥ ਵਿੱਚ ਜ਼ੁਲਮ ਨੂੰ ਕੰਬਾ ਦੇਣ ਵਾਲੀ ਬਿਜਲੀ ਧਾਰ। ਮਹਾਨ ਨਾਇਕ ਗੁਰੂ ਗੋਬਿੰਦ ਸਿੰਘ ਜੀ ਜਿਥੇ ਸੰਤ ਰੂਪ ਸਨ ਉਥੇ ਸਿਪਾਹੀ ਵੀ ਸਨ।

ਤਾਊਸ ਵਜਾਉਣ ਵਾਲੇ ਜਦੋਂ ਸ਼ਸਤਰ ਦੇ ਧਾਰਨੀ ਹੁੰਦੇ ਸਨ ਤਾਂ ਮੈਦਾਨ-ਏ-ਜੰਗ ਵਿੱਚ ਵੈਰੀਆਂ ਨੂੰ ਭਾਜੜਾਂ ਪੈ ਜਾਂਦੀਆਂ ਸਨ। ਗੁਰੂ ਸਾਹਿਬ ਤਲਵਾਰ ਦੇ ਧਨੀ ਹੋਣ ਦੇ ਨਾਲ-ਨਾਲ ਤੀਰ ਅੰਦਾਜ਼ ਵੀ ਸਨ।

ਮੁੱਖ ਤੇ ਹਰੀ ਦਾ ਨਾਮ ਤੇ ਚਿੱਤ ਵਿੱਚ ਯੁੱਧ ਦਾ ਸੰਕਲਪ ਗੁਰੂ ਸਾਹਿਬ ਦੀ ਭਗਤੀ ਤੇ ਸ਼ਕਤੀ ਦੇ ਸੁਮੇਲ ਨੂੰ ਦਰਸਾਉਂਦਾ ਹੈ। ਖਾਲਸਾ ਪੰਥ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਜਗਤ ਨੂੰ ਦਿੱਤੀ ਗਈ ਅਦੁੱਤੀ ਦੇਣ ਹੈ।

ਭਾਵੇਂ ਸੰਸਾਰ ਦੇ ਕਿਸੇ ਵੀ ਪੈਗ਼ੰਬਰ ਜਾਂ ਅਵਤਾਰ ਨੂੰ ਇਕ ਦੂਜੇ ਤੋਂ ਵੱਧ ਘੱਟ ਨਹੀਂ ਆਂਕਿਆ ਜਾ ਸਕਦਾ, ਕਿਉਂਕਿ ਹਰ ਮਹਾਨ ਸ਼ਖ਼ਸੀਅਤ ਆਪਣੇ ਵਕਤ ਵਿਚ ਅਗੰਮੀ ਅਤੇ ਅਦੁੱਤੀ ਹੁੰਦੀ ਹੈ, ਫਿਰ ਵੀ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦੇ ਮਨੁੱਖਵਾਦੀ ਆਦਰਸ਼ਾਂ ਵਾਸਤੇ ਇਤਨੀਆਂ ਕੁਰਬਾਨੀਆਂ ਕਿਸੇ ਹੋਰ ਮਹਾਨ ਪੁਰਸ਼ ਦੇ ਹਿੱਸੇ ਨਹੀਂ ਆਈਆਂ, ਜਿੰਨੀਆਂ ਦਸਮ ਗੁਰੂ ਸਾਹਿਬ ਜੀ ਦੇ ਹਿੱਸੇ ਆਈਆਂ। ਭਾਈ ਕਨ੍ਹਈਆ ਨੂੰ ਬਿਨਾਂ ਕਿਸੇ ਭੇਦ ਭਾਵ ਸਭ ਦੀ ਸੇਵਾ ਕਰਨ ਦਾ ਸੰਦੇਸ਼ ਦੇ ਕੇ ਯੁੱਧ ਭੂਮੀ ਵਿੱਚ ਸੰਘਰਸ਼ ਕਰਦਿਆਂ ਨਿਰਵੈਰ ਰਹਿਣ ਦੇ ਜੋ ਪੂਰਨੇ ਉਨ੍ਹਾਂ ਪਾਏ ਹਨ, ਉਹ ਇਕ ਵਿਲੱਖਣ ਕਿਸਮ ਦੀ ਲਾਸਾਨੀ 'ਵਰੀਆਮਤਾ' ਦਾ ਪ੍ਰਗਟਾਵਾ ਹੈ, ਜਿਸ ਤਕ ਹੋਰ ਕੋਈ ਵਰੀਆਮ ਨਾ ਪੁਜਿਆ ਹੈ ਅਤੇ ਨਾ ਹੀ ਪੁਜੇਗਾ।

ਪੁਹੰਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੈਸੇ ਸੂਰਬੀਰ ਕੇਵਲ ਆਪ ਹੀ ਸਨ ਅਤੇ ਉਨ੍ਹਾਂ ਜਿਹਾ ਹੋਰ ਕੋਈ ਨਹੀਂ ਹੋਇਆ।


**ਸਰੋਤ/ਹਵਾਲੇ ਸਾਭਾਰ ਧੰਨਵਾਦ ਸਹਿਤ:**


1. ਮਾਨਵੀ ਉਥਾਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਯੋਗਦਾਨ: ਡਾ. ਹਰਭਜਨ ਸਿੰਘ ।
2. ਗੁਰੂ ਗੋਬਿੰਦ ਸਿੰਘ: ਸਿਪਾਹੀ ਅਤੇ ਸਿਧਾਂਤਕਾਰ: ਰਮਿੰਦਰਜੀਤ ਕੌਰ ।
3. ਚੰਡੀ ਦੀ ਵਾਰ ਦਾ 'ਸੁਹਜ ਵਿਧਾਨ': ਡਾ. ਹਰਬੰਸ ਸਿੰਘ
4. ਜਫਰਨਾਮਾ:ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦੀ ਇਕ ਝਲਕ ਡਾ. ਗੁਰਦੀਪ ਸਿੰਘ ।
5. ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਸ਼ਖਸੀਅਤ: ਡਾ. ਅਮਨਜੋਤ ਕੌਰ
6. ਡਾ. ਸਰਬਜਿੰਦਰ ਸਿੰਘ


(ਵਿੱਚੋਂ ਨਾਨਕ ਪ੍ਰਕਾਸ਼ ਪੱਤ੍ਰਿਕਾ ਦਸੰਬਰ 2007 ਸ੍ਰੀ ਗੁਰੂ ਗੋਬਿੰਦ ਸਿੰਘ ਵਿਸੇਸ਼ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਗੱਦੋਂ ਡੋਬ ਦੇ ਜਿਸ ਮਸਲੇ ਵਿੱਚ ਮੈਨੂੰ ਸੱਦਿਆ ਗਿਆ ਸੀ, ਉਸ ਵਿੱਚ ਬੱਲ ਸਾਹਿਬ ਦੇ ਫ਼ੋਨ ਦੁਆਰਾ ਸੰਤ ਅਮਰ ਸਿੰਘ ਨੰਬਰਦਾਰ ਜੀਵਨ ਨਗਰ ਦਾ ਨਾਲ ਜਾਣਾ ਵੀ ਜ਼ਰੂਰੀ ਦੱਸਿਆ। ਇੱਕ ਸੱਜਣ ਪ੍ਰਤਾਪ ਨਗਰੋਂ ਦੀਦਾਰ ਸਿੰਘ ਨੇ ਵੀ ਆਉਣਾ ਸੀ। ਅਮਰ ਸਿੰਘ ਨੇ ਤਾਂ ਕੱਲ੍ਹ ਕਿਸੇ ਤਾਰੀਖ ਵਾਸਤੇ ਸਰਸੇ ਜ਼ਰੂਰੀ ਪੇਸ਼ੀ ਲਈ ਖਿਮਾ ਮੰਗੀ। ਹਰੀ ਸਿੰਘ ਦਾ ਵੀ ਜੀ ਕਰਦਾ ਸੀ, ਜੇ ਇਸਨੂੰ ਛੁੱਟੀ ਮਿਲ ਜਾਵੇ, ਤਾਂ ਇਹ ਸਵੇਰੇ ਆਪਣੇ ਵੱਡੇ ਪੁੱਤਰ, ਵੱਡੀ ਨੂੰਹ, ਛੋਟੀ ਨੂੰਹ, ਕੁੜਮਣੀ ਅਮਰ ਕੌਰ, ਭਤੀਜੇ ਗੁਰਚਰਨ ਸਿੰਘ ਨਾਲ ਕੱਪੜਾ ਖਰੀਦਣ ਅੰਮ੍ਰਿਤਸਰ ਸ਼ਹਿਰ ਚਲਾ ਜਾਵੇ, ਅੰਤ ਵਿੱਚ ਛੁੱਟੀ ਬੱਲ ਸਾਹਿਬ ਨੇ ਦੇ ਹੀ ਦਿੱਤੀ।

**3 ਮਾਰਚ 1987, ਮੰਗਲਵਾਰ**
**ਗੱਦੋਂ ਡੋਬ, (ਫਰੀਦਕੋਟ)**

ਅਜੇ ਤਾਂ ਅਮਰ ਕੌਰ ਪਰਿਵਾਰ ਨੂੰ ਜੀਵਨ ਨਗਰੋਂ ਜੀਪ ਤੇ ਨਾਲ ਲੈ ਜਾਣ ਬਾਰੇ ਹਰੀ ਸਿੰਘ ਹੋਰੀਂ ਸੋਚਦੇ ਸਨ ਪਰ ਮੈਂ ਅਤੇ ਜਾਗੀਰ ਸਿੰਘ ਨੇ ਸਲਾਹ ਕਰਕੇ ਇਸ ਪਰਿਵਾਰ ਨੂੰ 8 ਵਜੇ ਅਮ੍ਰਿੰਤਸਰ ਜਾਂਦੀ ਬਸ ਤੇ ਜੀਵਨ ਨਗਰੋਂ ਚੜ੍ਹਨ ਲਈ ਅੱਡੇ ਤੇ ਘੱਲ ਦਿੱਤਾ।

ਜੀਪ ਦਸ ਵਜੇ ਆਈ। ਸ. ਬੱਲ ਸਾਹਿਬ, ਸੰਤ ਦੀਦਾਰ ਸਿੰਘ, ਪਹਿਲੇ ਨੂੰ ਨਕੌੜਿਓਂ ਦੂਜੇ ਨੂੰ ਪ੍ਰਤਾਪ ਨਗਰੋਂ ਲੈ ਕੇ ਸੰਤ ਹਰਦਿਆਲ ਸਿੰਘ ਸਪੁੱਤਰ ਸੰਤ ਤਰਲੋਕ ਸਿੰਘ ਐਲਨਾਬਾਦ ਆਪਣੀ ਜੀਪ ਤੇ ਜੀਵਨ ਨਗਰ ਮੈਨੂੰ ਲੈਣ ਆ ਗਏ। ਅਸੀਂ ਅਮਰ ਸਿੰਘ ਨੂੰ ਦੋਬਾਰਾ ਵੀ ਮਨਾ ਨ ਸਕੇ ਨਾਲ ਜਾਣ ਨੂੰ, ਅਤੇ 125 ਕਿਲੋਮੀਟਰ ਸਫ਼ਰ ਕਰਕੇ ਗੱਦੋਂ ਡੋਬ ਪਹੁੰਚ ਗਏ।

**ਵਾਰ ਖਾਲੀ –** ਸਾਡੀ ਕਿਸਮਤ ਨੂੰ ਸ. ਸੁਖਦੇਵ ਸਿੰਘ ਸਪੁੱਤਰ ਸੂਬਾ ਮੀਹਾਂ ਸਿੰਘ, ਸ੍ਰੀ ਸਤਿਗੁਰੂ ਜੀ ਦਾ ਮਮੇਰਾ ਭਾਈ ਕਿਸੇ ਮਕਾਣੇ ਗਿਆ ਤਿੰਨ ਦਿਨਾਂ ਤੋਂ ਘਰ ਨਹੀਂ ਸੀ ਪਰਤਿਆ। ਅੱਜ 3 ਵਜੇ ਉਹਦੀ ਉਡੀਕ ਸੀ। ਪਰ ਉਹ ਤਾਂ 4 ਵਜੇ ਵਾਲੀ ਬਸ ਤੇ ਵੀ ਨਾ ਆਇਆ। ਕੀ ਪਤਾ ਉਹ ਕਿੱਧਰ ਦਾ ਕਿੱਧਰ ਤੁਰ ਗਿਆ ਹੋਵੇ, ਵਾਪਸੀ ਦੀ ਕੋਈ ਮਿਤੀ ਤਾਂ ਨਿਸਚਿਤ ਨਹੀਂ ਸੀ!

ਅਸੀਂ ਉਡੀਕ ਲਈ ਇਸ ਸੱਜਣ ਦੇ ਸਕੇ ਭਰਾ ਸ. ਜੈ ਸਿੰਘ ਅਤੇ ਚਚੇਰੇ ਭਾਈ ਸ. ਰਾਜਿੰਦਰ ਸਿੰਘ ਦੇ ਘਰ ਗਏ। ਰਾਜਿੰਦਰ ਸਿੰਘ ਨਵੇਂ ਮਕਾਨ ਛੱਤ ਕੇ ਉਹਨਾਂ ਦੀ ਤਿਆਰੀ ਵਿੱਚ ਵਿਅਸਤ ਸੀ। ਇਹ ਸੂਬਾ ਮੀਹਾਂ ਸਿੰਘ ਜੀ ਦੇ ਛੋਟੇ ਭਾਈ ਸੂਬਾ ਨਾਹਰ ਸਿੰਘ ਜੀ ਦਾ ਸਪੁੱਤਰ ਹੈ। ਸ. ਜਿਉਣ ਸਿੰਘ, ਖਿਉਣ ਸਿੰਘ, ਜੈ ਸਿੰਘ, ਸੁਖਦੇਵ ਸਿੰਘ ਆਦਿ ਪੰਜ ਭਾਈ ਸੂਬਾ ਮੀਹਾਂ ਸਿੰਘ ਜੀ ਦੇ ਲੜਕੇ ਹਨ। ਸਵਰਗਵਾਸੀ ਦੋਵੇਂ ਸੂਬੇ ਮਾਤਾ ਭੂਪਿੰਦਰ ਕੌਰ ਜੀ ਦੇ ਭਾਈ ਸਨ। ਸ. ਜੈ ਸਿੰਘ ਦੇ ਮਕਾਨ ਵਿੱਚ ਅਸਾਂ ਉਹ ਜਗ੍ਹਾ ਵੀ ਨੋਟ ਕੀਤੀ ਜਿੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੀਬੀ ਵੀਰੋ (ਮਾਤਾ ਭੂਪਿੰਦਰ ਕੌਰ ਜੀ) ਦੇ ਫੇਰੇ ਹੋਏ ਸਨ।

ਸ. ਰਜਿੰਦਰ ਸਿਘ 8-10 ਸਾਲ 'ਸਤਿਜੁਗ' ਦਾ ਸੰਪਾਦਕ ਵੀ ਰਿਹਾ ਹੈ। ਐਤਕਾਂ ਦੇ ਬਸੰਤ ਅੰਕ ਵਿੱਚ ਇਸਦੇ 3-4

ਲੇਖ ਛਾਪੇ ਗਏ ਹਨ। ਇਸ ਵਿੱਚ ਮੇਰੇ ਬਚਪਨ ਨਾਲ ਵੀ ਛੇੜਖਾਨੀ ਕੀਤੀ ਗਈ ਹੈ। ਸੁਭਾਵਕ ਹੀ ਸਾਨੂੰ, ਬਾਲ ਸਖਾਈਆਂ ਨੂੰ ਪਰਸਪਰ ਮਿਲ ਕੇ ਪ੍ਰਸੰਨਤਾ ਹੋਈ। ਸ. ਰਾਜਿੰਦਰ ਸਿੰਘ ਸੁਖਦੇਵ ਸਿੰਘ-ਭਰਾਵਾਂ ਦਾ ਸਾਥੀ ਹੈ ਅਤੇ ਸਵਾ ਸੌ ਏਕੜ ਦਾ ਮਾਲਕ ਹੈ।

5 ਵੱਜੇ ਤੱਕ ਅਸੀਂ ਜੀਪ ਸਵਾਰ ਵਾਪਸ ਮੁੜ ਪਏ। ਤੈਅ ਕਰ ਲਿਆ ਕਿ ਦੂਜਾ ਚੱਕਰ 13-3-87 ਨੂੰ ਮਾਰੀਏ। ਮੈਂ ਰਾਤ ਮਲੋਟ-ਡਬਵਾਲੀ ਰੋਡ ਵਿਚਾਲੇ ਥਾਣੇ ਲੰਮੀ ਤੋਂ ਪੰਜਾਵੇ ਨੂੰ ਜਾਂਦੀ ਸੜਕ ਤੇ ਸਾਥੀਆਂ ਨਾਲ ਸਫਰ ਕਰ ਆਪਣੇ ਛੋਟੇ ਭਰਾ ਖਜ਼ਾਨ ਸਿੰਘ ਪਾਸ ਆ ਰਿਹਾ, ਦੂਜੇ ਜੀਵਨ ਨਗਰ ਨੂੰ ਪਰਤ ਗਏ।

## 5 ਮਾਰਚ 1987, ਵੀਰਵਾਰ
## ਨਵੀਂ ਦਿੱਲੀ

ਕੱਲ੍ਹ ਚਾਰ ਵਜੇ ਤੱਕ ਮੈਂ ਘਰ ਪਹੁੰਚ ਗਿਆ। ਪਤਾ ਲੱਗਾ ਕਿ ਸੱਚੇ ਪਾਤਸ਼ਾਹ ਜੀ ਅੱਜ ਹੀ ਸਵੇਰੇ ਸ੍ਰੀ ਭੈਣੀ ਸਾਹਿਬ ਪਧਾਰੇ ਹਨ। ਏਨੇ ਦਿਨ ਠਾਕਰ ਜੀ ਬਾਰੇ ਹੀ ਸਤਿਗੁਰੂ ਜੀ ਨੇ ਦਿੱਲੀ ਬਿਤਾਏ। ਸ੍ਰੀ ਹਜ਼ੂਰ ਨਾਲ ਠਾਕਰ ਸ਼ਮਸ਼ੇਰ ਸਿੰਘ ਜੀ ਦਾ ਪ੍ਰੇਮ ਵੀ ਅਥਾਹ ਸੀ।

**ਠਾਕਰ ਸ਼ਮਸ਼ੇਰ ਸਿੰਘ ਜੀ ਦੇ ਘਰ –** ਅੱਜ ਮੈਂ ਵੀ 12.30 ਵਜੇ ਤੱਕ ਬੀਬੀ ਗੁਰਸ਼ਰਨ ਕੌਰ ਜੀ ਤੇ ਵਲਭ ਵਿਸ਼ੇਸ਼ਰ ਸਿੰਘ ਜੀ ਨੂੰ ਠਾਕਰ ਜੀ ਬਾਰੇ ਕੁਆਣ-78 ਗ੍ਰੇਟਰ ਕੈਲਾਸ਼- ਵਿੱਚ ਗਿਆ। ਠਾਕਰ ਜੀ ਦੀ ਛੋਟੀ ਸਪੁੱਤਰੀ ਹਰਮੀਤ ਦੁਆਰ ਵਿੱਚ ਖਲੋਤੀ ਕਿਸੇ ਵਿਦਾ ਹੋ ਰਹੇ ਜੋੜੇ ਨਾਲ ਗੱਲ ਕਰ ਰਹੀ ਸੀ। ਉਪਰਲੀ ਛੱਤੇ ਅੰਦਰ ਲੰਘਿਆ ਤਾਂ ਬੀਬੀ ਗੁਰਸ਼ਰਨ ਕੌਰ ਕੱਠੀ-ਹੋਈ ਹੋਈ, ਫਿਕਰ ਦੀ ਮੂਰਤ ਬਣੀ ਬੈਠੀ ਹੋਈ ਸੀ। ਇਸਦੇ ਖੱਬੇ ਪਾਸੇ ਬੀਬੀ ਗੁਰਮੀਤ ਕੌਰ (ਅਰਧਾਂਗਣੀ ਠਾਕਰ ਦਲੀਪ ਸਿੰਘ ਜੀ) ਅਤੇ ਸੰਤ ਗੁਲਜ਼ਾਰ ਸਿੰਘ ਦਮਦਮਾ ਬੈਠੇ ਸਨ। ਸੱਜੇ ਪਾਸੇ ਬੀਬੀ ਗੁੱਡੀ (ਆਗਰਾ) ਅਤੇ ਇੱਕ ਹੋਰ ਬੀਬੀ ਸੋਗੀ ਅਵਸਥਾ ਵਿੱਚ ਸਨ। ਠਾਕਰ ਜੀ ਦੀ ਵੱਡੀ ਪੁੱਤਰੀ ਜਸਮੀਤ ਸੁਪਤਨੀ ਸ. ਜਗਦੀਪ ਸਿੰਘ ਵੀ ਆਈ ਹੋਈ ਹੈ। ਥੋੜ੍ਹੇ ਚਿਰ ਪਿੱਛੋਂ ਵਲਭ ਵਿਸ਼ੇਸ਼ਰ ਸਿੰਘ ਜੀ ਵੀ ਸੁਪਤਨੀ ਬਲਵੰਤ ਨਾਲ ਪਹੁੰਚ ਗਏ।

ਮੈਂ ਬੀਬੀ ਗੁਰਸ਼ਰਨ ਕੌਰ ਜੀ ਨੂੰ ਤਕੜੇ ਹੋ ਕੇ ਪਰਿਵਾਰਕ ਜ਼ਿਮੇਵਾਰੀਆਂ ਨਿਬਾਹੁਣ ਦੀ ਪ੍ਰੇਰਨਾ ਦਿੱਤੀ।

ਇਸ ਗੱਲ ਦਾ ਕਾਰਡ ਮੈਨੂੰ ਮਿਲ ਚੁੱਕਾ ਸੀ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਠਾਕਰ ਸ਼ਮਸ਼ੇਰ ਸਿੰਘ ਜੀ ਦਾ ਭੋਗ 8-3-1987 ਨੂੰ ਉਨ੍ਹਾਂ ਦੇ ਘਰ ਗ੍ਰੇਟਰ ਕੈਲਾਸ਼ ਹੀ ਪਵੇਗਾ ਪਰ ਮੈਂ ਤਾਂ ਤੈ ਕੀਤੇ ਸਮੇਂ ਅਨੁਸਾਰ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਕੋਲ ਪਟਿਆਲੇ ਜਾਣਾ ਹੈ। ਠਾਕਰ ਜੀ ਦੀ ਕੋਠੀ ਫੋਟੋ ਉਪਲਬਧ ਨਹੀਂ ਸੀ ਹੋ ਰਹੀ ਸੀ। ਮੈਨੂੰ ਬੀਬੀ ਗੁਰਮੀਤ ਕੌਰ ਜੀ ਤੇ ਗੁਲਜ਼ਾਰ ਸਿੰਘ ਨੇ ਪੁੱਛਿਆ। ਮੈਂ ਸ਼ਾਮ ਤੱਕ ਫੋਟੋ ਤੇ ਨੈਗਟਿਵ ਕੋਠੀ ਭੇਜ ਦੇਣ ਤਾਂ ਇਕਰਾਰ ਕਰ ਲਿਆ।

ਸ਼੍ਰੀ ਬਲ੍ਹੋ (ਵਿਸ਼ੇਸ਼ਰ ਸਿੰਘ) ਜੀ ਨੇ ਠਾਕਰ ਜੀ ਦੀ ਮਿਰਤੂ ਬਾਰੇ ਦੱਸਿਆ ਕਿ ਸਾਰੇ ਟੱਬਰ ਨੇ ਟੀ. ਵੀ. ਕੋਲ ਬੈਠ ਕੇ ਬਜ਼ਟ-ਸੈਸ਼ਨ ਤੇ ਵਿਚਾਰ ਗੋਸ਼ਟੀ ਸੁਣੀ ਹੈ। ਖ਼ਬਰਾਂ ਸੁਣ ਕੇ 'ਬੁਨਿਆਦ' ਨਾਂ ਦਾ ਕਿਸ਼ਤਾਂ ਵਿੱਚ ਚੱਲਦਾ ਨਾਟਕ ਵੇਖਣ ਵਾਲੇ ਸਨ ਕਿ ਇਸ ਤੋਂ ਪਹਿਲੋਂ ਪਰਿਵਾਰਕ ਮੈਂਬਰ ਪ੍ਰਸ਼ਾਦ (ਭੋਜਨ) ਲਿਆਉਣ ਚਲੀਆਂ ਗਈਆਂ ਅਤੇ ਜਦੋਂ ਆ ਕੇ ਵੇਖਿਆ ਠਾਕਰ ਜੀ ਦਾ ਜੀਵਨ ਨਾਟਕ ਸਮਾਪਤ ਹੋ ਚੁੱਕਾ ਸੀ। ਜ਼ਿੰਦਗੀ ਮ੍ਰਿਤੂ ਦੇ ਚੁੰਗਲ ਵਿੱਚ ਕੁੜਕ ਗਈ ਸੀ।

ਸ਼੍ਰੀ ਵਿਸ਼ੇਸ਼ਰ ਸਿੰਘ ਜੀ ਨੇ ਦੱਸਿਆ ਕਿ ਇਹਨਾਂ ਆਪਣੇ ਘਰੋਂ ਠਾਕੁਰ ਜੀ ਨੂੰ ਰਾਤੀਂ 8.20 ਤੇ ਫੋਨ ਕੀਤਾ ਹੈ। ਸਭ ਅੱਛਾ ਸੀ। 8.32 ਤੱਕ ਬਜ਼ਟ ਤੇ ਚਰਚਾ ਸੀ। ਇਸ ਤੋਂ ਪਿੱਛੋਂ ਜੋ ਫੋਨ ਇਹਨਾਂ ਸੁਣਿਆ ਉਹ ਠਾਕਰ ਜੀ ਦੀ ਮਿਰਤੂ ਬਾਰੇ ਹੀ ਸੀ। ਇਸ ਦੁਖਦਾਈ ਘਟਨਾ ਤੋਂ ਅੱਧਾ ਘੰਟਾ ਪਹਿਲੋਂ ਦੇ ਸ੍ਰੀ ਸਤਿਗੁਰੂ ਜੀ ਦਿੱਲੀ ਆ ਚੁੱਕੇ ਸਨ। ਮ੍ਰਿਤੂ ਦੇ 20 ਮਿੰਟ ਦੇ ਅੰਦਰ ਅੰਦਰ ਸ੍ਰੀ ਸਤਿਗੁਰੂ ਜੀ ਨੇ ਵੀ ਆ ਦਰਸ਼ਨ ਦਿੱਤੇ।

ਰੱਬ ਦੀ ਰਜ਼ਾ ਤਾਂ ਹਰੇਕ ਲਈ ਮੰਨਣੀ ਜ਼ਰੂਰੀ ਹੁੰਦੀ ਹੈ ਪਰ ਅਜੇ ਬੀਬੀ ਗੁਰਸ਼ਰਨ ਕੌਰ ਜੀ ਉੱਤੇ ਮ੍ਰਿਤੂ ਦਾ ਪ੍ਰਭਾਵ ਬਹੁਤਿਓਂ ਬਹੁਤਾ ਹੈ। ਉਹ ਅੱਗੇ ਹੀ ਕਾਫੀ ਕਮਜ਼ੋਰ ਸਨ, ਉੱਤੋਂ ਇਹ ਅਭੁੱਲ ਸਦਮਾ। ਬਲ੍ਹੋ ਜੀ ਦਾ ਕਹਿਣ ਸੀ : ਅਜੇ ਬੀਬੀ ਜੀ ਤਾਂ ਢਿੱਲੇ ਮੱਠੇ ਰਹਿੰਦੇ ਹਨ ਪਰ ਠਾਕਰ ਜੀ ਤਾਂ ਠੀਕ ਠਾਕ ਹੀ ਸਨ ਕਿ ਵਿਛੋੜਾ ਦੇ ਗਏ। ਪਹਿਲੀ ਮਾਰਚ ਨੂੰ ਆਪ ਜੀ ਦਾ

ਸਸਕਾਰ ਸਵਾਮੀ ਦਇਆਨੰਦ ਘਾਟ (ਲੋਧੀ ਹੋਟਲ ਦੇ ਸਾਹਮਣੇ) ਲੋਧੀ ਕਾਲੋਨੀ ਵਿਖੇ ਹੋਇਆ। ਹਜ਼ਾਰਾਂ ਨਰ ਨਾਰ ਸ਼ਵ ਯਾਤਰਾ ਵਿੱਚ ਸ਼ਾਮਲ ਸਨ। ਨਾਮਧਾਰੀ ਸੰਗਤ ਵੱਧ ਤੋਂ ਵੱਧ ਉਪਸਥਿਤ ਰਹੀ। ਸ੍ਰੀ ਸਤਿਗੁਰੂ ਜੀ, ਮਾਤਾ ਜੀ, ਬੇਬੇ ਜੀ ਸਸਕਾਰ ਸਮੇਂ ਤੱਕ ਇਸ ਸੋਗ ਗ੍ਰਸਤ ਦੁਨੀਆਂ ਵਿੱਚ ਅਗਵਾਈ ਯੁਕਤ ਦਰਸ਼ਨ ਦਿੰਦੇ ਰਹੇ।

## 6 ਮਾਰਚ 1987, ਸ਼ੁੱਕਰਵਾਰ
## ਨਵੀਂ ਦਿੱਲੀ

**ਭਾਰਤੀ ਨੂੰ ਚੱਕਰ –** ਆਪਣੇ ਚਿਰ ਮਿੱਤਰ ਅਤੇ ਅਨੇਕਾਂ ਪੁਸਤਕਾਂ ਦੇ ਲੇਖਕ ਵਿਦਵਾਨ ਡਾ. ਅਮਰ ਭਾਰਤੀ ਨੂੰ ਸਿਰ ਦੇ ਚੱਕਰ ਆਉਂਦੇ ਸੁਣ ਮੈਂ ਅਤੇ ਸੰਤ ਗੁਰਦੇਵ ਸਿੰਘ ਸਰੋਦ ਉਹਦੇ ਘਰ, ਹਰੀ ਨਗਰ ਗਏ। ਉਸਨੇ ਕੱਲ੍ਹ ਕਿਸੇ ਯੋਗੀ ਤੋਂ ਐਕੂਪ੍ਰੈਸ਼ਰ ਵਿਧੀ ਦਾ ਇਲਾਜ ਕਰਵਾਣਾ ਸ਼ੁਰੂ ਕੀਤਾ ਹੈ।

**ਸੰਖੇਪ ਖ਼ਬਰਾਂ –** ਸ੍ਰੀ ਸਰੋਦ ਦੇ ਸਕੂਟਰ ਤੇ ਬੈਠ ਕੇ ਏਧਰ ਉਧਰ ਘੁੰਮਦਿਆਂ ਕੁਛ ਜਾਣਕਾਰੀ ਮਿਲ ਗਈ ਉਸ ਦੇ ਆਧਾਰ ਤੇ:

1. ਕੋਠੀ 1-6/ਭ ਪੂਸਾ ਰੋਡ ਵਿਖੇ ਜਿਹੜੇ ਸੰਗੀਤਕਾਰ ਬੱਚੇ ਹੁਣ ਤੱਕ ਰਿਹਾਇਸ਼ ਰੱਖਦੇ ਸਨ, ਹੁਣ (3-3-87) ਉਹਨਾਂ ਦੀ ਰਿਹਾਇਸ਼ ਜਾਂ ਤੇ ਧਰਮਸਾਲਾ ਰਮੇਸ਼ ਨਗਰ ਆ ਗਈ ਹੈ ਜਾਂ ਕੁਛ ਸੁਰਿੰਦਰ ਸਿੰਘ ਮਨਚੰਦਾ ਦੀ ਕੋਠੀ ਚਲੇ ਗਏ ਹਨ। ਇਸਦਾ ਕਾਰਨ ਇਸ ਕੋਠੀ ਦਾ ਵੇਚਣਾ ਵੀ ਹੋ ਸਕਦਾ ਹੈ ਤੇ ਇਹ ਵੀ ਕਿ ਨੌਜਵਾਨ ਕਲਾਕਾਰਾਂ ਦੀ ਖਰੂਦਕਾਰੀ ਸ਼ਕਤੀ ਦਾ ਏਥੇ ਕੋਈ ਤੋੜ ਨਾ ਹੋਵੇ ਅਤੇ ਇਹਨਾਂ ਦੇ ਵਤੀਰੇ ਤੋਂ ਕੋਠੀ ਵਾਲੇ ਤੰਗ ਆ ਗਏ ਹੋਣ!

2. ਸੁਖਵਿੰਦਰ ਸਿੰਘ ਪਿੰਕੀ ਨੇ ਜਵਾਨੀ ਦਾ ਰੰਗ ਵਖਾਣਾ ਸ਼ੁਰੂ ਕਰ ਦਿੱਤਾ ਹੈ। ਦੱਸਿਆ ਗਿਆ ਹੈ ਕਿ ਇੱਕ ਵਾਰ ਨੀਲੋਂ ਰੀਜ਼ਾਰਟ ਤੇ ਉਸਨੇ ਆਪਣੇ ਸਾਥੀ ਮਿੱਤਰਾਂ ਦੇ ਸਾਹਵੇਂ ਸ਼ਰਾਬ ਵੀ ਪੀਤੀ ਹੈ। ਜੇ ਉਹ ਇਹ ਪੀ ਸਕਦਾ ਹੈ ਤਾਂ ਮਾਸ ਖਾਣ ਵੱਲ ਰੁਚਿਤ ਹੋਣਾ ਵੀ ਸੁਭਾਵਕ ਹੈ ਅਤੇ ਇਹਦੇ ਨਾਲ ਦੀਆਂ ਹੋਰ ਗੱਲਾਂ ਵੀ ਅਨਹੋਣੀਆਂ ਨਹੀਂ। ਇਹ ਆਦਤਾਂ ਬਨਾਰਸੋਂ ਹੀ ਨਾਲ ਆਈਆਂ ਲੱਗਦੀਆਂ ਹਨ।

3. ਸ੍ਰੀ ਸਤਿਗੁਰੂ ਜੀ ਤਾਜ ਪੈਲੇਸ ਵਿੱਚ ਕੌਮਾਂਤਰੀ ਡਾਕਟਰਾਂ ਦੀ ਇੱਕ ਮੀਟਿੰਗ ਵਿੱਚ ਪਧਾਰੇ। ਜਿਸ ਵਿੱਚ ਉਸਤਾਦ ਅਮਜਦ ਅਲੀ ਦੀ ਸਰੋਦ ਸੁਣਨਾ ਮਨੋਰਥ ਸੀ। ਇਹ ਐਤਵਾਰ ਦੀ ਗੱਲ ਹੈ।

**ਅਸਥੀਆਂ ਠਾਕਰ ਜੀ ਦੀਆਂ –** ਸ੍ਰੀ ਵਿਸ਼ੇਸ਼ਰ ਸਿੰਘ ਜੀ ਨੇ ਮੈਨੂੰ ਕੱਲ੍ਹ ਦੱਸਿਆ ਸੀ ਕਿ ਠਾਕਰ ਸ਼ਮਸ਼ੇਰ ਸਿੰਘ ਜੀ ਦੀਆਂ ਅਸਥੀਆਂ ਦਾ ਪ੍ਰਵਾਹ ਨਹਿਰ ਰੋਪੜ ਵਿਖੇ ਨੀਲੋਂ ਪਿੰਡ ਦੇ ਕੋਲ ਕੀਤਾ ਗਿਆ। ਅਸਥੀਆਂ ਚੁਣਨ ਸਮੇਂ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਗਹਿਣਿਆਂ ਦੀ ਗੱਲ –** ਅੱਜ ਦੁਪਹਿਰੇ, ਸ. ਕਰਤਾਰ ਸਿੰਘ. ਪ੍ਰਾਗ੍ਰੈਸ ਪ੍ਰਿੰਟਰਜ਼, ਬਾਲੀ ਨਗਰ ਮੇਰੇ ਪਾਸ ਆ ਗਿਆ। ਉਸ ਦੱਸਿਆ ਕਿ ਉਸਦੀ ਵੱਡੀ ਭੈਣ ਬਲਬੀਰ ਕੌਰ ਦੇ ਇਹ ਪੁੱਛਣ ਤੇ ਕਿ ਕਰਤਾਰ ਸਿੰਘ ਆਪਣੀ ਪਤਨੀ ਰਾਜ ਦੇ ਗਹਿਣੇ ਕਿਸੇ ਪਾਸ ਅਮਾਨਤ ਰੱਖਣਾ ਚਾਹੁੰਦਾ ਹੈ ਤਾਂ ਕਿ ਉਸ ਦੀ ਬੇ-ਸੁਆਦ ਵਹੁਟੀ ਨੂੰ ਇਹ ਪ੍ਰਤੀਤ ਹੋ ਜਾਵੇ ਕਿ ਕਰਤਾਰ ਸਿੰਘ ਗਹਿਣੇ ਵੇਚੇ ਵੱਟੇਗਾ ਨਹੀਂ, ਜਾਂ ਰਾਜ ਨੂੰ ਇਹ ਯਕੀਨ ਹੋ ਜਾਵੇ ਕਿ ਉਸਦੇ ਗਹਿਣੇ ਸੁਰੱਖਿਅਤ ਹਨ, ਇਹ (ਕਰਤਾਰ ਸਿੰਘ) ਗਹਿਣੇ ਕਿਨੂੰ ਦੇਵੇ?

ਸ੍ਰੀ ਸਤਿਗੁਰੂ ਜੀ ਨੇ ਸ. ਹਰਵਿੰਦਰ ਸਿੰਘ ਹੰਸਪਾਲ ਦੀ ਪਾਸ ਜਮਾ ਕਰਵਾ ਦੇਣ ਦਾ ਆਦੇਸ਼ ਦਿੱਤਾ। ਹੁਣ ਸਾਰੇ ਸੰਬੰਧੀ ਦੂਜੇ ਵਿਸਵਿਸੇ ਵਿੱਚ ਪੈ ਗਏ ਹਨ ਕਿ ਹੰਸਪਾਲ ਜੀ ਪਾਸ ਗਏ ਗਹਿਣੇ ਵਾਪਸ ਵੀ ਹੋ ਸਕਣਗੇ ਜਾਂ ਨਹੀਂ!

ਮੈਂ ਇਸਨੂੰ ਸਲਾਹ ਦਿੱਤੀ ਕਿ ਜੇ ਅਸਾਂ ਸਤਿਗੁਰਾਂ ਦਾ ਹੁਕਮ ਲੁਆ ਕੇ ਹੰਸਪਾਲ ਜੀ ਨੂੰ ਗਹਿਣੇ ਦੇਣੇ ਹਨ ਤਾਂ ਵਿਸਵਿਸਾ ਕਾਹਦਾ, ਉਹ ਤਾਂ ਸਤਿਗੁਰੂ ਜੀ ਪਾਸ ਹੀ ਹਨ। ਗਹਿਣੇ ਹੰਸਪਾਲ ਜੀ ਪਾਸ ਜਾਣੇ ਚਾਹੀਦੇ ਹਨ। ਇਹਨਾਂ ਦਾ ਵਜ਼ਨ 12 ਤੋਲੇ ਹੈ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

**ਸਾਖੀ ਬਾਬਾ ਵੀਰ ਸਿੰਘ ਅਤੇ ਬਾਬਾ ਸੰਤਾ ਸਿੰਘ:**

ਬਾਬਾ ਸੰਤਾ ਸਿੰਘ ਘੁੱਕੇਵਾਲੀਏ ਭੈਣੀ ਸਾਹਿਬ ਕੋਠੀ ਵਾਲੇ ਬਾਗ਼ ਵਿਚ ਸੇਵਾ ਕਰਦੇ ਹੁੰਦੇ ਸਨ। ਇਕ ਦਿਨ ਗਰੀਬ ਨਿਵਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਹੁਤ ਜ਼ਿਆਦਾ ਬੁਖ਼ਾਰ ਚੜ੍ਹਿਆ ਹੋਇਆ ਸੀ। ਬਾਬੇ ਹੋਰਾਂ ਨੂੰ ਗੋਡੀ ਕਰਦਿਆਂ ਬਾਗ਼ ਵਿਚ ਪਤਾ ਲੱਗਾ। ਉਸੇ ਤਰ੍ਹਾਂ ਘੱਟੇ ਮਿੱਟੀ ਦੇ ਲਿੱਬੜੇ ਹੋਏ ਗੁਰਦੁਆਰੇ ਆ ਗਏ। ਮਾਤਾ ਜੀਊਣ ਕੌਰ ਜੀ ਤੋਂ ਸਤਿਗੁਰਾਂ ਬਾਰੇ ਪੁੱਛਿਆ। ਉਹਨਾਂ ਦੱਸਿਆ ਕਿ ਘੁੱਲੀ ਦੇ ਚੁਬਾਰੇ ਵਿਚ ਹਨ। ਬਾਬਾ ਜੀ ਉਤੇ ਚਲੇ ਗਏ। ਜਾ ਕੇ ਦਰਸ਼ਨ ਕੀਤਾ ਅਤੇ ਸਾਹਿਬਾਂ ਦੇ ਦੋਵੇਂ ਚਰਨ ਫੜਕੇ, ਆਪਣੀ ਛਾਤੀ ਨਾਲ ਲਾ ਲਏ। ਜਿਸ ਵੇਲੇ ਬਾਬੇ ਸੰਤਾ ਸਿੰਘ ਹੋਰਾਂ ਚਰਨ ਛਾਤੀ ਨਾਲ ਲਾਏ ਉਸੇ ਵੇਲੇ ਬੁਖਾਰ ਉਤਰ ਗਿਆ ਅਤੇ ਦੋ ਜਹਾਨ ਦੇ ਵਾਲੀ ਸਤਿਗੁਰੂ ਜੀ ਉਠ ਕੇ ਬੈਠ ਗਏ। ਇਹ ਬਚਨ ਬਾਬਾ ਜੀ ਦੀ ਜ਼ਾਹਰੀ ਅਜ਼ਮਤ ਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਰਸਨਾ ਤੋਂ ਮੈਨੂੰ ਸੁਣਾਇਆ ਸੀ। ਹੇਠਲਾ ਬਚਨ ਬਾਬੇ ਵੀਰ ਸਿੰਘ ਹੋਰਾਂ ਬਾਰੇ, ਮੈਨੂੰ ਮਾਤਾ ਜਿਊਣ ਕੌਰ ਜੀ ਤੋਂ ਸੁਣਨ ਦਾ ਸੁਭਾਗ ਹਾਸਲ ਹੋਇਆ।

ਗੁਰੂ ਹਰੀ ਸਿੰਘ ਜੀ ਤਬੇਲੇ ਵਿਚ ਗਏ। ਕਿਸੇ ਗੱਲ ਤੋਂ ਬਾਬੇ ਵੀਰ ਸਿੰਘ ਜੀ ਨੂੰ ਆਖਣ ਲੱਗੇ, "ਜਾਹ ਦਲਿੱਦਰੀਆ। ਬੱਸ ਬਾਬੇ ਹੋਰਾਂ ਨੂੰ ਦਲਿੱਦਰ ਪੈ ਗਿਆ। ਲੰਮੇ ਪੈ ਗਏ। ਅੱਠ ਪਹਿਰ ਲੰਮੇ ਪਏ ਰਹੇ। ਨਾ ਜਲ ਨਾ ਪ੍ਰਸ਼ਾਦ, ਕੁਝ ਵੀ ਨਾ ਛਕਿਆ। ਗੁਰੂ ਹਰੀ ਸਿੰਘ ਜੀ ਨੂੰ ਮਾਤਾ ਜੀ ਨੇ ਪੁੱਛਿਆ, "ਵੀਰ ਸਿੰਘ ਨੂੰ ਕੀ ਆਖਿਆ ਸਾ ਜੇ। ਸਤਿਗੁਰਾਂ ਆਖਿਆ, 'ਦਲਿਦਰੀ' ਕਿਹਾ ਸੀ। ਮਾਤਾ ਜੀ ਨੇ ਬੇਨਤੀ ਕੀਤੀ, "ਹੁਣ ਕ੍ਰਿਪਾ ਕਰੋ ਤੇ ਉਹਦਾ ਦਲਿੱਦਰ ਦੂਰ ਕਰੋ। ਅੱਠ ਪਹਿਰ ਹੋ ਗਏ ਹਨ, ਭੁੱਖਾ ਭਾਣਾ ਪਿਆ ਹੈ। ਖਾਣ ਪਾਣ ਇਸ਼ਨਾਨ ਵਿਸਾਰ ਬੈਠਾ ਹੈ। ਗੁਰੂ ਹਰੀ ਸਿੰਘ ਜੀ ਗਏ ਅਤੇ ਪਿੰਡੇ 'ਤੇ ਹੱਥ ਫੇਰ ਕੇ ਬਚਨ ਕੀਤਾ, "ਉੱਠ, ਤੂੰ ਤਾਂ ਮੇਰਾ ਬੱਗਾ ਸ਼ੇਰ ਏਂ।" ਬਾਬੇ ਹੋਰੀਂ ਫਟਾ ਫੱਟ ਉਠੇ। ਨਮਸਕਾਰ ਚਰਨਾਂ 'ਤੇ ਕੀਤੀ। ਇਸ਼ਨਾਨ ਕਰਕੇ, ਪ੍ਰਸ਼ਾਦ ਪਾਣੀ ਛਕ ਕੇ, ਪਹਿਲਾਂ ਜਿਉਂ ਹੀ ਵਿਹਾਰ ਕਾਰ ਵਿਚ ਜੁੱਟ ਗਏ। ਇਹ ਜ਼ਾਹਰੀ ਕਲਾ ਗੁਰੂ ਹਰੀ ਸਿੰਘ ਜੀ ਨੇ ਵਿਖਾਈ ਸੀ। ਧੰਨ ਗੁਰੂ ਹਰੀ ਸਿੰਘ, ਜਿਹਨਾਂ ਸਿੱਖੀ ਹਰੀ ਰੱਖੀ।

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਰਹਿਣ ਵਾਲੇ ਸਤਿਗੁਰ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਜੀ ਵੇਲੇ ਦੇ ਸਿੱਖ:**

ਸੰਮਤ 1966 ਬਿਕ੍ਰਮੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਅੰਮ੍ਰਿਤਸਰ ਤੋਂ ਦੌਰਾ ਤੁਰ ਪਿਆ। ਨਾਲ ਗੁਰੂ ਕੇ ਊਠ ਸਨ ਅਤੇ ਤਿੰਨੇ ਹੀ ਊਠਾਂ ਦੇ ਮਹੰਤ, ਬਾਬਾ ਵੀਰ ਸਿੰਘ, ਬਾਬਾ ਸੰਤਾ ਸਿੰਘ ਅਤੇ ਬਾਬਾ ਸੁਰਜਨ ਸਿੰਘ। ਹੁਕਮ ਹੋਇਆ ਤਿੰਨਾਂ ਨੂੰ ਹੀ ਦੌਰੇ ਨਾਲ ਚੱਲਣ ਦਾ। ਸੇਵਾ ਕਰਨ ਦਾ ਇਹਨਾਂ ਨੂੰ ਬੜਾ ਚਾਅ ਸੀ ਅੱਗੇ ਹੀ। ਬਾਬੇ ਸੁਰਜਨ ਸਿੰਘ ਨੂੰ ਤਾਂ ਗੂਟ ਘੋੜਾ ਚੜ੍ਹਨ ਵਾਸਤੇ ਸਤਿਗੁਰਾਂ ਦਿਤਾ। ਬਾਬੇ ਸੰਤਾ ਸਿੰਘ ਨੂੰ ਖੁਸਰਾ ਘੋੜਾ ਅਤੇ ਬਾਬੇ ਵੀਰ ਸਿੰਘ ਨੂੰ ਲੱਕੀ ਘੋੜੀ ਦੇ ਦਿਤੀ। ਬਾਬੇ ਸੁਰਜਨ ਸਿੰਘ ਹੋਰਾਂ ਨੂੰ ਸਤਿਗੁਰਾਂ ਨੇ ਊਠਾਂ ਵਿਚ ਰਹਿਣ ਦਾ ਹੁਕਮ ਦਿਤਾ। ਬਾਬੇ ਸੰਤਾ ਸਿੰਘ ਅਤੇ ਵੀਰ ਸਿੰਘ ਨੂੰ ਫ਼ਰਮਾਇਆ ਕਿ ਦੌਰਾ ਤੁਰਨ ਵੇਲੇ ਤੁਸੀਂ ਆਪਣੇ ਘੋੜਿਆਂ ਤੇ ਸਵਾਰ ਹੋ ਕੇ ਸਾਡੇ ਨਾਲ ਰਿਹਾ ਕਰੋ। ਰੋਜ਼ ਦੌਰਾ ਤੁਰਨਾ ਅਤੇ ਰੋਜ਼ ਹੀ ਸਤਿਗੁਰੂ ਜੀ ਨੇ ਸਵੇਰੇ ਘੋੜਿਆਂ 'ਤੇ ਮਹੱਲਾ ਖੇਡਣਾ। ਜਿਹੜੇ ਪੁਰਾਤਨ ਸਿੰਘ ਉਸ ਵਕਤ ਦੇ ਦੌਰੇ ਵਿਚ ਹੁੰਦੇ ਸਨ, ਜਿੰਨਿਆਂ ਕੁ ਦੇ ਨਾਂ ਮੈਨੂੰ ਯਾਦ ਰਹਿ ਗਏ ਹਨ। ਇਸ ਪ੍ਰਕਾਰ ਹਨ:

**ਬਾਬਾ ਵੀਰ ਸਿੰਘ ਜੀ ਚੁੰਨ੍ਹੀ ਮੱਛਲੀ ਵਾਲੇ:**

ਇਹ ਜੋ ਬਾਲ ਜਤੀ ਸਨ। ਬੜੇ ਵਿਦਵਾਨ ਸਨ। ਗੁਰੂ ਰਾਮ ਸਿੰਘ ਜੀ ਦੇ ਵੇਲੇ ਭਜਨ ਪੁਛਿਆ ਸੀ ਅਤੇ ਗੁਰੂ ਹਰੀ

ਸਿੰਘ ਜੀ ਨਾਲ ਵੀ ਦੌਰਿਆਂ ਵਿਚ ਰਹਿੰਦੇ ਸਨ। ਬਾਕੀ ਜੀਵਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਬਤੀਤ ਕੀਤਾ। ਇਹ ਵੀਰ ਸਿੰਘ ਉਹ ਸੀ ਜਿਹਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਆਖਿਆ ਸੀ ਕਿ ਬਾਬਾ ਜੱਸਾ ਸਿੰਘ (ਸਤਿਗੁਰੂ ਜੀ ਦਾ ਪਿਤਾ) ਚੜ੍ਹਾਈ ਕਰ ਗਿਆ ਹੈ ਅਤੇ ਸਾਡਾ ਉਹਨਾਂ ਨਾਲ ਸਸਕਾਰ ਸਮੇਂ ਹਾਜ਼ਰ ਹੋਣ ਦਾ ਬਚਨ ਸੀ। ਸੋ ਆਓ ਭੈਣੀ ਸਾਹਿਬ ਚੱਲੀਏ, ਬਾਬੇ ਦਾ ਸਸਕਾਰ ਕਰੀਏ। ਬਾਬਾ ਵੀਰ ਸਿੰਘ ਉਸੇ ਪਲ ਪੈਦਲ ਹੀ ਪਿੰਡੋਂ ਚੱਲ ਪਏ ਅਤੇ ਤੀਹ ਕੋਹ ਦਾ ਸਫ਼ਰ ਮੁਕਾਕੇ ਭੈਣੀ ਸਾਹਿਬ ਪੁੱਜ ਗਏ। ਇਹਨਾਂ ਦੇ ਜਾਂਦਿਆਂ ਨੂੰ ਸਸਕਾਰ ਹੋ ਗਿਆ ਸੀ। ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰਾਂ ਦੇ ਸੁਨੇਹੇ ਬਾਬਤ ਦੱਸਿਆ ਕਿ ਉਹਨਾਂ ਕਿਹਾ ਸੀ ਕਿ ਅਸੀਂ ਸਸਕਾਰ ਕਰਨ ਬਾਰੇ ਜਾ ਰਹੇ ਹਾਂ ਤੂੰ ਵੀ ਆ ਜਾਈਂ। ਮੈਂ ਤਾਂ ਆਇਆ ਹਾਂ। ਗੁਰੂ ਹਰੀ ਸਿੰਘ ਜੀ ਨੇ ਫ਼ਰਮਾਇਆ ਕਿ ਉਹ ਆਪਣਾ ਬਚਨ ਪੂਰਾ ਕਰ ਗਏ ਹਨ।

ਦੂਸਰਾ ਪੁਰਾਤਨ ਸਿੰਘ ਸੀ ਲਤਾਲੇ ਦਾ ਬਾਬਾ ਲਾਲ ਸਿੰਘ। ਇਹ ਉਹ ਬਾਬਾ ਲਾਲ ਸਿੰਘ ਸੀ, ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦੇ ਸ੍ਰੋਮਣੀ ਸੂਬੇ ਜਵਾਹਰ ਸਿੰਘ ਜੀ ਦਾ ਲਾਂਗਰੀ ਹੁੰਦਾ ਸੀ। ਇਹ ਬਾਬਾ ਲਾਲ ਸਿੰਘ ਜੀ ਰੰਗੂਨ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਵੀ ਕਰਕੇ ਆਏ ਸਨ। ਜਾਂਦੀ ਵੇਰ ਤੇ ਆਉਂਦੀ ਵੇਰ ਜਹਾਜ ਵਿਚ ਅੰਨ ਨਹੀਂ ਸੀ ਗ੍ਰਹਿਣ ਕੀਤਾ। ਸਮੁੰਦਰ ਦਾ ਜਲ ਛਕਦੇ ਸੀ ਉਹ ਪਚਦਾ ਨਹੀਂ ਸੀ। ਸਤਾਹਰੀਂ ਦਿਨੀਂ ਕਲਕੱਤੇ ਆ ਕੇ ਪ੍ਰਸ਼ਾਦਾ ਛਕਿਆ ਸੀ।

ਤੀਜੇ ਰਹਿੰਦੇ ਸਨ ਸਤਿਗੁਰਾਂ ਨਾਲ ਬਾਬਾ ਬੂਟਾ ਸਿੰਘ ਜੀ ਲਾਖਣਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਦੇ। ਇਹ ਵੀ ਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿਖ ਸਨ। ਲੰਗਰ ਗੁਰੂ ਕੇ ਦੀ ਉਗਰਾਹੀ ਕਰਦੇ ਸਨ। ਉਗਰਾਹੀ ਦਾ ਚਾਰ ਚਾਰ ਹਜ਼ਾਰ ਤੱਕ ਰੁਪਈਆ ਵਾਂਸਣੀ ਵਿਚ ਪਾ ਕੇ ਲੱਕ ਨਾਲ ਬੰਨ ਕੇ ਜਦੋਂ ਕਿਤੇ ਬੇੜੀ ਤੋਂ ਲੰਘਦੇ ਸਨ ਤਾਂ ਕਹਿੰਦੇ ਸਨ ਕਿ ਲੰਗਰ ਦੇ ਪੈਸਿਆਂ ਵਿਚੋਂ ਦੋ ਆਨੇ ਵੀ ਮਸੂਲ ਨਹੀਂ ਦੇਣਾ। ਮਾੜੇ ਸਿੱਖ ਦੇ ਘਰੋਂ ਅਣਚੋਪੜੀਆਂ ਛੋਲਿਆਂ ਦੀਆਂ ਰੋਟੀਆਂ ਵੀ ਖਿੜੇ ਮੱਥੇ ਛਕ ਜਾਂਦੇ ਸਨ ਤੇ ਜੇ ਕੋਈ ਬਖ਼ਤਾਵਰ ਸੁਲ੍ਹਾ ਮਾਰ ਬਹੇ ਕਿ ਬਾਬੇ ਹੋਰਾਂ ਨੂੰ ਰਜਾਉਣਾ ਹੈ ਤਾਂ ਇੱਕੋ ਥਾਂ ਬੈਠੇ ਹੀ ਤਿੰਨ ਸੇਰ ਘਿਓ ਪੀ ਕੇ ਪਚਾ ਲੈਂਦੇ ਸਨ ਅਤੇ ਦੂਜੇ ਦਿਨ ਸੋਲਾਂ ਸੇਰ ਦੁੱਧ ਵੀ ਪੀ ਜਾਂਦੇ ਸਨ। ਇਕ ਦਿਨ ਬਾਬਾ ਜੀ ਜਦੋਂ ਕਿ ਬਹੁਤ ਬਿਰਧ ਸਨ 40 ਚੱਕ ਦੀ ਗੱਲ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 16 ਸੇਰ ਦੀ ਬਾਟੀ ਦੁੱਧ ਦੀ ਭਰ ਦਿਤੀ ਅਤੇ ਬਾਬਾ ਜੀ ਸਾਡੇ ਵਿੰਹਦਿਆਂ ਹੀ ਬਾਟੀ ਗੋਡਿਆਂ 'ਤੇ ਰੱਖ ਕੇ ਸਾਰਾ ਦੁੱਧ ਛਕ ਗਏ ਸਨ।

ਚੌਥਾ ਸੀ ਹੀਰਾ ਸਿੰਘ ਟਿੱਕਾ ਪਿੰਡ ਮੂੰਡੀਆਂ ਦਾ। ਇਹ ਪਹਿਲਾਂ ਗੁਰੂ ਹਰੀ ਸਿੰਘ ਜੀ ਦਾ ਚੌਰ ਬਰਦਾਰ ਵੀ ਰਿਹਾ ਸੀ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਵੀ ਚਵਰ ਝੁਲਾਉਂਦਾ ਰਿਹਾ ਸੀ।

ਪੰਜਵਾਂ ਸਿੰਘ ਸੀ ਬਾਬਾ ਵੀਰ ਸਿੰਘ ਮੁੱਛਲ। ਇਹ ਕੂਕਿਆਂ ਦੇ ਗੜ੍ਹ ਮੁਠੱਡੇ ਪਿੰਡ ਦਾ ਸੀ।ਗੁਰੂ ਹਰੀ ਸਿੰਘ ਜੀ ਦੇ ਵੇਲੇ ਦਾ ਸਿੱਖ ਸੀ। ਹੱਟੀ ਦਾ ਕਾਰ ਵਿਹਾਰ ਵੀ ਕਰਦਾ ਸੀ ਜਦੋਂ ਡੇਰੇ ਵਿਚ ਰਹਿੰਦਾ ਸੀ।

ਛੇਵੇਂ ਸੁਹੇਲ ਸਿੰਘ ਹੋਰੀਂ ਸਨ। ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਸਮੇਂ, ਘੋੜਿਆਂ ਦੇ ਦਰੋਗੇ ਸਨ। ਇਹ ਪਾਠੀ ਵੀ ਅੱਵਲ ਦਰਜੇ ਦੇ ਸਨ। ਸਤਿਗੁਰਾਂ ਦੇ ਨਾਲ ਘੋੜੇ ਤੇ ਸਵਾਰ ਹੋ ਕੇ ਚਲਦੇ ਸਨ। ਇਹ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗੇ ਦੇ ਸਨ। ਇਹਨਾਂ ਨੂੰ ਰਾਗ ਦੀ ਵੀ ਚੰਗੀ ਸਮਝ ਸੀ। ਘੋੜਿਆਂ ਦੇ ਆਹਲਾ ਦਰਜੇ ਦੇ ਸਲੋਤਰੀ ਵੀ ਸਨ। ਇਕ ਘੰਟੇ ਵਿਚ ਪੰਜਾਹ ਪੱਤਰੇ ਦਰਬਾਰ ਸਾਹਿਬ ਦੇ ਸੁਣਾ ਕੇ, ਸ਼ੁੱਧ ਪਾਠ ਕਰਿਆ ਕਰਦੇ ਸਨ।

ਉਪਰੋਕਤ ਸਾਰੇ ਸਰੀਰ ਨਿਤਨੇਮੀ, ਕੀਰਤਨੀਏ, ਭਜਨ ਬਾਣੀ ਦੇ ਰਸੀਏ ਸਨ। ਸੇਵਾ ਵੀ ਗੁਰਦੁਆਰਾ ਭੈਣੀ ਸਾਹਿਬ ਦੀ ਵਿਤੋਂ ਵੱਧ ਕਰਨ ਵਾਲੇ ਸਨ। ਹੁਣ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਜਿਹੜੇ ਓਦੋਂ ਜੁਆਨੀ ਅਵਸਥਾ ਵਿਚ ਸਨ ਅਤੇ ਹਜ਼ੂਰ ਦਾ ਸਾਥ ਮਾਣਦੇ ਸਨ, ਉਹਨਾਂ ਸਿੰਘਾਂ ਦਾ ਜ਼ਿਕਰ ਕਰਦਾ ਹਾਂ।

1. ਹਰਨਾਮ ਸਿੰਘ ਨਥਾਣੀਆ, 2. ਹਰਨਾਮ ਸਿੰਘ ਪੱਖੋ, 3. ਕਿਸ਼ਨ ਸਿੰਘ ਕੱਟੀ ਭੂਰੇ ਗਿੱਲ, 4. ਦੇਵਾ ਸਿੰਘ ਬ੍ਰਾਹਮਣ ਸ੍ਰੀ ਭੈਣੀ ਸਾਹਿਬ, 5. ਮਾਘਾ ਸਿੰਘ ਅਲੌੜ, 6. ਭਾਈ ਵਜ਼ੀਰ ਸਿੰਘ ਚੱਕ, 7. ਮਸਤਾਨ ਸਿੰਘ ਕਿਆਮਪੁਰ

ਉਪਰੋਕਤ ਸਿੰਘ ਨਵੇਂ ਪੁਰਾਣੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜਥੇ ਵਿਚ ਗਿਣੇ ਜਾਂਦੇ ਸਨ। ਇਹਨਾਂ ਤੋਂ ਬਿਨਾਂ ਊਠਾਂ ਘੋੜਿਆਂ ਨੂੰ ਸਾਂਭਣ ਵਾਲੇ ਸਿੰਘ, ਰਾਗੀ ਸਿੰਘ, ਜਥੇਦਾਰ ਅਤੇ ਪ੍ਰਚਾਰਕ, ਲਾਂਗਰੀ ਸਿੰਘ ਆਦਿ ਸਾਰੇ ਗਿਣਕੇ ਸੌ ਸਿੰਘਾਂ ਦਾ ਜਥਾ ਦੌਰੇ ਵਿਚ ਸ਼ਾਮਲ ਹੁੰਦਾ ਸੀ। ਜਿਸ ਤਰ੍ਹਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਯੁਵਾ ਅਵਸਥਾ ਵਿਚ ਆਪਣੀ ਫੌਜ ਭਰਤੀ ਸਿੰਘ ਗੁਰੂ ਤੇਗ ਬਹਾਦਰ ਜੀ ਅਤੇ ਪਹਿਲੇ ਸਤਿਗੁਰਾਂ ਵੇਲੇ ਦੇ ਲਏ ਕੀਤੀ। ਕੁਝ ਅਤੇ ਕੁਝ ਨਵਿਆਂ ਨੂੰ ਆਪ ਤਿਆਰ-ਬਰ-ਤਿਆਰ ਕੀਤਾ। ਪਹਾੜੀ ਰਾਜੇ ਸਿੰਘਾਂ ਦੀ ਫੌਜ ਬਣਦੀ ਦੇਖ ਘਬਰਾਉਣ ਲੱਗੇ। ਔਰੰਗਜ਼ੇਬ ਦੀ ਓਟ ਲੈ ਕੇ ਗੁਰੂ

ਕੀਆਂ ਫੌਜਾਂ ਨਾਲ ਥੋੜ੍ਹੀ ਥੋੜ੍ਹੀ ਛੇੜਖ਼ਾਨੀ ਕਰਨ ਲਗੇ ਅਤੇ ਜੰਗ ਦਾ ਸਮਿਆਨਾ ਹੋਣ ਲਗ ਪਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਪਾਤਸ਼ਾਹ ਨੇ ਤੇਗ ਦੇ ਜ਼ੋਰ ਭੰਨ ਕੇ ਸਭ ਨੂੰ ਨਿਵਾਇਆ। ਉਹ ਹਾਲ ਹੀ ਤਕਰੀਬਨ ਪੰਥ ਦੀ ਵਾਂਗਡੋਰ ਸਾਂਭਣ ਵੇਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਸਾਡੇ ਨਾਮਧਾਰੀ ਪੰਥ ਦਾ ਸੀ। ਪਹਿਲੇ ਨੰਬਰ ਦੀ ਦੁਸ਼ਮਣ ਓਦੋਂ ਸਾਡੀ ਅੰਗ੍ਰੇਜ਼ ਹਕੂਮਤ ਸੀ। ਪੰਜਾਬ ਦੀਆਂ ਸਾਰੀਆਂ ਰਿਆਸਤਾਂ ਦੇ ਰਾਜੇ ਮਹਾਰਾਜੇ ਵੀ ਇਕ ਅੱਧੇ ਨੂੰ ਛੱਡ ਕੇ ਸਾਡੇ ਕੱਟੜ ਵੈਰੀ ਸਨ। ਪੰਜਾਬ ਦਾ ਜੋ ਰਈਸ, ਜੈਲਦਾਰ, ਸਫ਼ੈਦਪੋਸ਼, ਰਾਇ ਬਹਾਦਰ, ਸਰਦਾਰ ਬਹਾਦਰ, ਸਰਕਾਰ ਅੰਗ੍ਰੇਜ਼ੀ ਦਾ ਚਾਟੜਾ, ਝੋਲੀ ਚੁੱਕ, ਉਹ ਸਭ ਵੀ ਸਾਡੇ ਮਗਰ ਹਲਕਾਏ ਕੁੱਤਿਆਂ ਵਾਂਗੂੰ ਪਏ ਫਿਰਦੇ ਸਨ। ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਵਾਲੇ ਵੀ ਅੰਗ੍ਰੇਜ਼ ਨੂੰ ਖ਼ੁਸ਼ ਕਰਨ ਲਈ ਸਾਡੇ ਵਿਰੁੱਧ ਤਰ੍ਹਾਂ ਤਰ੍ਹਾਂ ਦੀਆਂ ਊਜਾਂ ਲਾ ਕੇ ਭੰਡੀ ਪ੍ਰਚਾਰ ਕਰਦੇ ਰਹਿੰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਜਥੇ ਸਮੇਤ ਮਾਲਾ ਅਤੇ ਬਾਣੀ ਦੇ ਜ਼ੋਰ ਨਾਲ, ਕੁੱਲ ਨੂੰ ਸਤਿਗੁਰੂ ਰਾਮ ਸਿੰਘ ਦੇ ਰੰਗ ਵਿਚ ਰੰਗ ਕੇ, ਸਭ ਅੜਿਆਂ ਫੜਿਆਂ ਨੂੰ ਦਰਸ਼ਨ ਦੇ ਕੇ, ਕੁੱਲ ਸ੍ਰਿਸ਼ਟੀ ਨਿਵਾ ਲਈ। ਕਿਉਂਕਿ ਇਹ ਉਹ ਕਰੜਾ ਸਮਾਂ ਸੀ ਜਦੋਂ ਕੂਕਿਆਂ ਤੋਂ ਬਿਨਾਂ ਤਕਰੀਬਨ ਬਾਕੀ ਸਾਰੇ ਲੋਕ ਪੰਜਾਬ ਵਿਚ ਅੰਗ੍ਰੇਜ਼ ਦੇ ਝੰਡੇ ਥੱਲੇ ਆ ਚੁੱਕੇ ਸਨ। ਸਰਕਾਰ ਦੇ ਖ਼ਿਲਾਫ਼ ਗੱਲ ਕਰਨੀ ਸਿਰ ਤਲੀ 'ਤੇ ਧਰਕੇ ਨੱਚਣ ਵਾਲੀ ਗੱਲ ਸੀ। ਜਦੋਂ ਸਭ ਦੀਆਂ ਜੀਭਾਂ ਤਾਲੂ ਨਾਲ ਲੱਗੀਆਂ ਹੋਈਆਂ ਸਨ, ਕੂਕਾ ਉਦੋਂ ਵੀ ਚੀਨੀ ਵਾਲੇ ਪਾਤਸ਼ਾਹ ਨੂੰ ਪ੍ਰਦੇਸ ਲਿਜਾਣ ਅਤੇ ਸਿੰਘਾਂ ਨੂੰ ਤੋਪਾਂ ਫ਼ਾਂਸੀਆਂ ਨਾਲ ਸ਼ਹੀਦ ਕਰਨ ਵਾਲੇ ਆਪਣੇ ਦੁਸ਼ਮਣ, ਗੋਰੇ ਹਾਕਮ ਵਿਰੁਧ ਗੈਬੀ ਗੋਲੇ ਛੱਡਦਾ ਰਿਹਾ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਪ੍ਰਯਾਗ ਰਾਜ ਅਲਾਹਬਾਦ ਦੇ ਕਿਲੇ ਵਿਚ ਕੈਦ ਸਨ ਅਤੇ ਅੰਗ੍ਰੇਜ਼ਾਂ ਨੇ ਪੰਜਾਬ ਦੇ ਸਭ ਵੱਡੇ ਲੋਕਾਂ, ਰਾਜਿਆਂ ਮਹਾਰਾਜਿਆਂ, ਸੰਤਾਂ ਮਹਾਤਮਾਂ ਨੂੰ ਪੁੱਛਿਆ ਸੀ ਕਿ ਜੇ ਕੂਕਿਆਂ ਦਾ ਗੁਰੂ ਰਾਮ ਸਿੰਘ ਵਾਪਸ ਆ ਜਾਵੇ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ। ਸਾਰੇ ਪੰਜਾਬ ਵਿਚੋਂ ਸਿਰਫ਼ ਤਿੰਨ ਆਦਮੀਆਂ ਨੇ ਕਿਹਾ ਸੀ ਕਿ ਗੁਰੂ ਰਾਮ ਸਿੰਘ ਸਾਡੇ ਵਰਗਾ ਫ਼ਕੀਰ ਹੈ, ਉਸ ਨੂੰ ਵਾਪਸ ਲੈ ਆਉਣਾ ਚਾਹੀਦਾ ਹੈ। ਫ਼ਕੀਰਾਂ ਤੋਂ ਸਰਕਾਰਾਂ ਨੂੰ ਕਾਹਦਾ ਡਰ ਹੈ। ਉਹ ਸਨ ਅਖਾੜਾ ਬ੍ਰਹਮ ਬੂਟੇ ਵਾਲੇ ਸੰਤ ਅਤੇ 'ਸੇਖਵਾਂ ਵਾਲੇ ਸੰਤ। ਤੀਜੇ ਸਨ ਧਿਆਨਪੁਰ (ਗੁਰਦਾਸਪੁਰ) ਡੇਰੇ ਦੇ ਬੈਰਾਗੀ ਸੰਤ। ਹੋਰ ਸਭਨਾਂ ਨੇ ਆਖਿਆ ਕਿ ਜੇ ਵਾਪਸ ਆ ਗਿਆ ਤਾਂ ਬਲਵਾ ਕਰਾ ਦਏਗਾ। ਤੁਹਾਡੇ ਰਾਜ ਦੀ ਜੜ੍ਹ ਪੁੱਟ ਦੇਵੇਗਾ। ਇਸ ਤਰ੍ਹਾਂ ਓਦੋਂ ਕੂਕਿਆਂ ਤੋਂ ਬਗ਼ੈਰ ਸਭ ਭੇਖ ਅੰਗ੍ਰੇਜ਼ ਸਰਕਾਰ ਦੀ ਕਲਮ ਥੱਲੇ ਸਨ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕ੍ਰਿਪਾ ਕੀਤੀ ਆਪਣੇ ਦੌਰੇ ਸ਼ੁਰੂ ਕਰਕੇ, ਕੁੱਲ ਭੇਖ ਤੇ ਰਾਜੇ ਮਹਾਰਾਜੇ ਵੀ ਅੰਗ੍ਰੇਜ਼ ਦੀ ਕਲਮ ਥੱਲਿਓਂ ਕੱਢ ਦਿਤੇ। ਨਾਂ ਵੀ ਪ੍ਰਤਾਪ ਸਿੰਘ ਸੀ ਅਤੇ ਹੈਗਾ ਵੀ ਵੱਡੇ ਪ੍ਰਤਾਪ ਵਾਲਾ ਸੀ, ਹੁਣ ਸਾਡੇ ਵਿੰਹਦਿਆਂ ਵਿੰਹਦਿਆਂ ਹੀ ਸਾਰੀ ਦੁਨੀਆਂ 'ਤੇ ਉਹਦਾ ਪ੍ਰਤਾਪ ਛਾ ਗਿਆ ਸੀ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਤੁਰਕ ਰਾਜ ਦੀ ਜੜ੍ਹ ਪੁੱਟੀ ਇਸੇ ਤਰ੍ਹਾਂ ਗੁਰੂ ਪ੍ਰਤਾਪ ਸਿੰਘ ਨੇ ਅੰਗ੍ਰੇਜ਼ ਹਕੂਮਤ ਦੀ ਜੜ੍ਹ ਪੁੱਟ ਦਿੱਤੀ। ਉਹਦੇ ਗ਼ਲਬੇ ਵਿਚੋਂ ਦੇਸ਼ ਦੇ ਲੋਕਾਂ ਨੂੰ ਬਾਹਰ ਕੱਢਿਆ। ਮਲੇਰ ਕੋਟਲੇ ਦੇ ਸਾਕੇ ਵੇਲੇ ਜਿਵੇਂ ਬਾਬੇ ਜਵਾਹਰ ਸਿੰਘ ਹੋਰਾਂ ਮਸਤਾਨਿਆਂ ਨੂੰ ਕਿਹਾ ਸੀ ਕਿ ਅਜੇ ਪਨੀਰੀ ਛੋਟੀ ਹੈ ਅਤੇ ਗੁਰੂ ਰਾਮ ਸਿੰਘ ਜੀ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਆਖਿਆ ਸੀ "ਜਿਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ। ਕਾਹਲੇ ਨਾ ਪਵੋ। ਮੈਂ ਉਹ ਮਾਲਾ ਨਾਲ ਕਰ ਦਿਆਂਗਾ।" ਚੀਨੀ ਵਾਲੇ ਪਾਤਸ਼ਾਹ ਦਾ ਇਹ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੂਰਾ ਕੀਤਾ। ਕਾਂਗ੍ਰਸ ਨੂੰ ਬਲ ਬਖ਼ਸ਼ਿਆ। ਹੋਰਨਾਂ ਦੇਸ਼ ਭਗਤਾਂ ਦੀ ਯਥਾ ਸ਼ਕਤਿ ਸਹਾਇਤਾ ਕੀਤੀ। ਮਾਲਾ ਦੇ ਨਾਲ ਅੰਗ੍ਰੇਜ਼ ਨੂੰ ਹਿੰਦੁਸਤਾਨ ਵਿਚੋਂ ਚੁੱਕ ਕੇ ਬਾਹਰ ਮਾਰਿਆ।

**ਸਾਖੀ ਬਚਨ ਮੰਨਣ ਵਾਲੇ ਬਾਬਾ ਵੀਰ ਸਿੰਘ ਜੀ ਭੋਮਾ ਵਡਾਲਾ:**

ਬਾਬੇ ਵੀਰ ਸਿੰਘ ਹੋਰਾਂ ਦੇ ਚਿੱਤ ਵਿਚ ਇਹ ਚਾਅ ਹੁੰਦਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਸੇ ਕੰਮ ਲਈ ਮੈਨੂੰ ਹੁਕਮ ਦੇਣ ਤਾਂ ਮੈਂ ਉਹ ਕਰਕੇ ਗੁਰੂ ਕੀਆਂ ਖੁਸ਼ੀਆਂ ਲੁੱਟਾਂ। ਇਕ ਦੌਰੇ ਸਮੇਂ ਸਤਿਗੁਰੂ ਜੀ ਨੇ ਦੋ ਤਿੰਨ ਸਰੀਰਾਂ ਨੂੰ ਹੁਕਮ ਦਿਤਾ ਕਿ ਕਿਸੇ ਪਾਸੇ ਕੋਈ ਵਿਹਾਰ ਹੈ। ਛੇਤੀ ਕਰਕੇ ਆਓ। ਉਹ ਸਰੀਰ ਅਜੇ ਸਲਾਹਾਂ ਵਿਚ ਹੀ ਪਏ ਸਨ। ਫਿਰ ਪਾਤਸ਼ਾਹ ਨੇ ਬਾਬੇ ਹੋਰਾਂ ਵੱਲ ਨਿਗ੍ਹਾ ਦਾ ਇਸ਼ਾਰਾ ਹੀ ਕੀਤਾ। ਦੂਜੇ ਸਿੱਖ ਸੋਚਦੇ ਹੀ ਰਹਿ ਗਏ ਅਤੇ ਬਾਬਾ ਜੀ ਨੇ ਮੈਨੂੰ ਜੋ ਓਦੋਂ ਦਸਾਂ ਕੁ ਵਰ੍ਹਿਆਂ ਦਾ ਸਾਂ, ਆਪਣੀ ਘੋੜੀ ਦੇ ਪਿੱਛੋਂ ਉਤਾਰ ਦਿਤਾ। ਬੱਸ ਬਾਬੇ ਹੋਰਾਂ ਦੀ ਘੋੜੀ ਹਵਾ ਵਾਂਗ ਤੇਜ਼ ਉਡ ਗਈ। 15-20 ਮਿੰਟਾਂ ਵਿਚ ਹੀ ਬਾਬਾ ਜੀ ਉਹ ਵਿਹਾਰ ਕਰਕੇ ਫਿਰ ਗੁਰੂ ਜੀ ਨੂੰ ਆ ਮਿਲੇ। ਓਦੋਂ ਦੌਰਾ ਕੱਕੜ (ਅੰਮ੍ਰਿਤਸਰ) ਪਿੰਡ ਤੋਂ ਤੁਰਿਆ ਸੀ ਅਤੇ ਲਹੌਰ ਨੂੰ ਜਾ ਰਿਹਾ ਸੀ।

**ਚਲਦਾ.....**

# ਸਿੱਖੀ ਸਰੂਪ 'ਚ ਵਾਪਸੀ



ਮੈਂ ਰਜਿੰਦਰ ਸਿੰਘ ਬਰਾੜ ਪਿੰਡ ਦਮਦਮਾ ਜ਼ਿਲ੍ਹਾ ਸਿਰਸਾ ਹਰਿਆਣਾ, ਸਪੁੱਤਰ ਕਿਰਪਾਲ ਸਿੰਘ, ਮੇਰਾ ਜਨਮ ਗੁਰਸਿੱਖ ਪਰਿਵਾਰ ਵਿੱਚ ਹੋਇਆ। ਮੈਂ 20 ਸਾਲ ਤੱਕ ਸਿੱਖੀ ਸਰੂਪ ਵਿੱਚ ਰਿਹਾ। ਸਮੇਂ ਦੀ ਮਾਰ ਵਿੱਚ ਆ ਕੇ ਕੇਸ ਕਟਵਾ ਦਿੱਤੇ, ਪਰ ਨਸ਼ਾ ਕੋਈ ਨਹੀਂ ਕਰਿਆ। ਕੋਈ ਮਾੜੀ ਸੰਗਤ ਨਹੀਂ ਕੀਤੀ। 12 ਵੀਂ ਕਰਕੇ ਕੱਪੜੇ ਸਿਲਾਈ ਦਾ ਕੰਮ ਸਿੱਖ ਲਿਆ, ਪਿੰਡ ਵਿੱਚ ਦੁਕਾਨ ਕੀਤੀ। ਚੰਗਾ ਕੰਮ ਚੱਲ ਗਿਆ, ਵਿਆਹ ਹੋ ਗਿਆ। ਸਤਿਗੁਰੂ ਦੀ ਕਿਰਪਾ ਨਾਲ ਇਕ ਧੀ ਦੀ ਦਾਤ ਮਿਲੀ, ਪੁੱਤਰ ਦੀ ਝਾਕ ਵਿੱਚ ਫਿਰ ਗੁਰਦੁਆਰੇ ਜਾਣ ਲੱਗ ਗਿਆ, ਉਸ ਸਮੇ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਾਜਰ ਨਾਜਰ ਸਨ, ਅੰਸੂ ਦਾ ਮੇਲਾ ਲਾਈਵ ਚੱਲਦਾ ਸੀ ਮੇਰੀ ਦੁਕਾਨ ਤੇ ਨੈਟ ਲੱਗਿਆ ਸੀ, ਸੋਚਿਆ ਵੀ ਗੁਰਦਵਾਰਾ ਨਾਲ ਹੀ ਐ ਕਿਉਂ ਨਾ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣ, ਸੰਗਤਾਂ ਦੀ ਕਿਰਪਾ ਨਾਲ ਪ੍ਰਬੰਧ ਕਰਕੇ ਗੁਰੂ ਘਰ ਅੱਸੂ ਦਾ ਮੇਲਾ ਚਲਾਇਆ ਗਿਆ, ਬਹੁਤ ਅਸੀਸਾਂ ਮਿਲੀਆਂ, ਦੋ ਬੱਚੇ ਮਿਲੇ ਪਰ ਮਰ ਗਏ, ਸੇਵਾ ਦਾ ਕੰਮ ਜਾਰੀ ਰੱਖਿਆ, 2016 ਵਿੱਚ ਆਪਣੇ ਸਾਂਢੂ ਦੇ ਮੁੰਡੇ ਨੂੰ ਫੌਜ ਟਰੇਨਿੰਗ ਲਈ ਛੱਡਣ ਨਾਗਪੁਰ ਗਿਆ, ਓਥੋਂ ਮੈਂ ਤੇ ਮੇਰਾ ਸਾਢੂ ਸ੍ਰੀ ਹਜੂਰ ਸਾਹਿਬ ਚਲੇ ਗਏ, ਦਰਸ਼ਨ ਕੀਤੇ, ਮਨ ਨੂੰ ਬਹੁਤ ਚੰਗਾ ਲੱਗਿਆ, ਇਕ ਠੋਕਰ ਲੱਗੀ ਕੀ ਤੂੰ ਸਿੱਖ ਦਾ ਬੱਚਾ ਐ ਸਿੱਖ ਬਣ, ਓਥੋਂ ਵਾਪਸੀ ਆ ਕੇ ਮੈਂ ਕੇਸ ਨਹੀਂ ਕਟਵਾਏ, ਮੈਨੂੰ ਗੁਰਬਾਣੀ ਨਹੀਂ ਸੀ ਆਉਂਦੀ, ਸਿਰਫ ਜਪੁਜੀ ਸਾਹਿਬ ਅਤੇ ਰਹਿਰਾਸ ਸਾਹਿਬ ਹੀ ਦਾਦੀ ਜੀ ਨੇ ਸਿਖਾਇਆ ਸੀ ਪਰ ਪੰਜਾਬੀ ਆਉਂਦੀ ਸੀ। ਗੁਰੂਘਰ ਝਾੜੂ 'ਪੋਚਾ ਸੇਵਾ ਕਰਦਿਆਂ ਸੰਤ ਪ੍ਰੀਤਮ ਸਿੰਘ ਜੀ, ਜੋ ਕਿ ਮੇਰੇ ਤੋਂ ਪਹਿਲਾਂ ਗੁਰੂਘਰ ਦੇ ਸੇਵਾਦਾਰ ਸਨ, ਕਹਿਣ ਲੱਗੇ ਰਜਿੰਦਰ ਸਿੰਘ ਆਜਾ ਸਾਨੂੰ ਪਾਠ ਸੁਣਾ। ਮੈਂ ਕਿਹਾ ਸੰਤ ਜੀ ਮੈਨੂੰ ਤਾਂ ਕੁਜ ਆਉਂਦਾ ਨਹੀਂ, ਕਹਿੰਦੇ ਜਪੁਜੀ ਸਾਹਿਬ ਆਉਂਦਾ ਓਹੀ ਸੁਣਾ, ਓਹਨਾਂ ਨੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਠਾ ਕੇ ਥਾਪੀ ਦਿੱਤੀ ਅਤੇ ਸ਼ੁਰੂ ਕਰਵਾਇਆ। ਦਾਦੀ ਜੀ ਦੀ ਕਿਰਪਾ ਨਾਲ ਪਾਠ ਸ਼ੁੱਧ ਹੋਇਆ, ਸੰਤਾਂ ਨੇ ਕਿਹਾ ਅੱਗੇ ਸੁਣਾ, ਪਤਾ ਨੀ ਕਿਵੇਂ ਮੈਂ ਅੱਗੇ ਵੀ ਸੁਣਾ ਦਿੱਤਾ, ਸਤਿਗੁਰੂ ਉਦੇ ਸਿੰਘ ਜੀ ਨੇ ਆਪ ਕਿਰਪਾ ਕੀਤੀ, ਮੈਂ ਬਾਣੀ ਪੜਨ ਲੱਗ ਪਿਆ, ਦੁਬਾਰਾ ਅੰਮ੍ਰਿਤ ਛਕਿਆ, ਕੇਸ ਦਾੜੀ ਸੰਭਾਲ ਲਏ। ਸੰਗਤ ਬਾਣੀ ਸੁਨਣ ਲੱਗੀ। 2018 ਵਿੱਚ ਅਸੀਂ ਮੁੰਡਿਆ ਮਿਲ ਕੇ ਕਮੇਟੀ ਬਣਾਈ, ਜੇੜੇ ਵੀਰ ਨਸ਼ਾ ਕਰਦੇ ਸੀ ਉਹਨਾਂ ਨੂੰ ਜਾਗਰੂਕ ਕੀਤਾ ਅਤੇ ਗੁਰੂਘਰ ਨਾਲ ਜੋੜਿਆ। 2020 ਵਿੱਚ ਪਿੰਡ ਵਾਲਿਆਂ ਨੇ ਅਤੇ ਸੰਤ ਪ੍ਰੀਤਮ ਸਿੰਘ ਜੀ ਨੇ ਫ਼ੈਸਲਾ ਕੀਤਾ ਕਿ ਰਜਿੰਦਰ ਸਿੰਘ ਨੂੰ ਗੁਰੂਘਰ ਦੀ ਸੇਵਾ ਸੰਭਾਲ ਦਿੱਤੀ ਜਾਵੇ। ਅਸੀਂ ਪਿੰਡ ਦੀ ਪੰਚਾਇਤ ਨਾਲ ਵੀ ਕੰਮ ਕੀਤਾ। ਪਿੰਡ ਦਾ ਗੁਰੂਘਰ ਦਾ ਵਿਕਾਸ ਹੋਇਆ। ਸਾਰੇ ਮੁੰਡੇ ਰਲ ਮਿਲਕੇ ਸਭਦੇ ਦੁੱਖ ਸੁਖ ਵਿੱਚ ਜਾਨ ਲੱਗੇ। ਹੁਣ ਸਾਡਾ ਪਿੰਡ ਨਸ਼ਾ ਰਹਿਤ ਹੈ। ਏਨ੍ਹਾਂ ਸਾਲਾਂ ਵਿੱਚ ਕਈ ਕੁਜ ਵੇਖਿਆ। ਸੇਵਾ ਕਰਦਿਆਂ ਸ਼ਾਬਾਸ਼ੀ ਅਤੇ ਬਦਨਾਮੀ ਵੀ ਮਿਲੀ ਪਰ ਜੋ ਵੀ ਮਿਲਿਆ ਸਤਿਗੁਰ ਦੀ ਰਜ਼ਾ ਸਮਝਿਆ। ਅੱਜ ਪਿੰਡ ਦਾ ਹਰ ਨੌਜਵਾਨ ਨਾਲ ਖੜਦਾ ਹੈ। ਕਮੇਟੀ ਦੀਆਂ ਕਈ ਸੇਵਾਵਾਂ ਹਨ। ਜਿਵੇਂ ਲਾਇਬਰੇਰੀ ਸੰਭਾਲਣੀ ਜਿਥੇ ਬਚਿਆਂ ਨੂੰ ਕਾਪੀਆਂ ਕਿਤਾਬਾਂ ਵਾਜਬ ਰੇਟ ਤੇ ਮਿਲਦੀਆਂ ਹਨ। ਖੇਡਣ ਵਾਲੇ ਬੱਚਿਆਂ ਨੂੰ ਠੰਡੇ ਪਾਣੀ ਦਾ ਪ੍ਰਬੰਧ। ਬੱਸ ਸਟੈਂਡ ਤੇ ਪਾਣੀ ਦਾ ਪ੍ਰਬੰਧ। ਔਰਤਾਂ ਅਤੇ ਛੋਟੇ ਬੱਚਿਆਂ ਲਈ ਪਾਰਕ ਬਣਾਇਆ। ਮੇਨ ਰੋਡ ਤੇ ਪੁਲ ਬਣਵਾਇਆ। ਕਰੋਨਾ ਕਾਲ ਅਤੇ ਕਿਸਾਨ ਅੰਦੋਲਨ ਵਿੱਚ ਪੂਰਾ ਸਹਿਯੋਗ ਕੀਤਾ। ਸ਼ਮਸ਼ਾਨ ਘਾਟ ਦੀ ਸਫ਼ਾਈ। ਦਸਤਾਰ ਸਿਖਲਾਈ ਦੇ ਕੈਂਪ ਲਗਵਾਏ। ਅਵਾਰਾ ਪਸ਼ੂ ਗਊਸ਼ਾਲਾ ਪਹੁੰਚਾਉਣੇ। ਸਰਪੰਚ ਸ਼ਾਮ ਸਿੰਘ ਜੀ ਨਾਲ ਮਿਲਕੇ ਪੰਚਾਇਤ ਦਾ ਸ਼ੈਡ ਵੱਡਾ ਕਰਵਾਇਆ। ਜਿਥੇ ਪਿੰਡ ਦਾ ਕੋਈ ਵੀ ਸਾਂਝਾ ਪਰੋਗਰਾਮ ਹੁੰਦਾ ਹੈ ਕਮੇਟੀ ਤੇ ਸ਼ਾਮ ਸਿੰਘ ਜੀ ਜੋ ਵੀ ਕੰਮ ਕਹਿੰਦੇ ਨੇ ਆਪਣੇ ਸਮੇਂ ਵਿੱਚ ਪੂਰਾ ਕੀਤਾ। ਪਿੰਡ ਵਿੱਚ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨਾ। ਗਰੀਬ ਦੀ ਧੀ ਦੇ ਅਨੰਦ ਕਾਰਜ। ਫ੍ਰੀ ਮੈਡੀਕਲ ਕੈਂਪ ਲਗਵਾਉਣੇ। ਪਿੰਡ ਵਿੱਚ ਐਂਬੂਲੈਂਸ ਲਿਉਣ ਦੀ ਤਿਆਰੀ ਚੱਲ ਰਹੀ ਹੈ। ਦੁੱਖ ਸੁੱਖ ਦੀ ਘੜੀ ਵਿੱਚ ਹਰ ਵੇਲੇ ਤਿਆਰ ਰਹਿੰਦੇ ਨੇ ਸਾਰੇ ਨੌਜਵਾਨ। ਸਾਡੀ ਕਮੇਟੀ ਵਿੱਚ ਕੋਈ ਵੀ ਪ੍ਰਧਾਨਗੀ ਨਹੀਂ, ਹਰ ਫ਼ੈਸਲਾ ਬਹੁਮਤ ਤੇ ਹੁੰਦਾ। ਹਰ ਪਿੰਡ ਵਾਂਗ ਸਾਡੇ ਪਿੰਡ ਵੀ ਕੁਝ ਬੰਦੇ ਚੰਗੇ ਕੰਮਾ ਦੇ ਵਿਰੋਧੀ ਹਨ ਪਰ ਅਸੀਂ ਆਪਣੀ ਸੇਵਾ 'ਚ ਮਸਤ ਰਹਿੰਦੇ ਹਾਂ, ਸਤਿਗੁਰੂ ਉਦੇ ਸਿੰਘ ਜੀ ਇਸੇ ਤਰਾਂ ਆਪਣਾ ਹੱਥ ਸਾਡੇ ਤੇ ਬਣਾਈ ਰੱਖਣ। ਕੋਈ ਵੀ ਬੱਚਾ ਗਲਤ ਰਸਤਾ ਨਾ ਚੁਣੇ। ਸਾਰੇ ਮੇਰੇ ਵਾਂਗੂ ਸਿੱਧੇ ਰਸਤੇ ਤੇ ਆਉਣ, ਸਵੇਰੇ-ਸ਼ਾਮ ਸਤਿਗੁਰੂ ਜੀ ਕੋਲ ਏਹੀ ਅਰਦਾਸ ਕਰਦੇ ਹਾਂ, ਬਚਿਆਂ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੋ।

# A 1-Litre Bottle Of Water Contains Some 2,40,000 Plastic Fragments: Study

**Harkirat Singh**

A typical one-liter (33-ounce) bottle of water contains some 240,000 plastic fragments on average, according to a new study. Many of those fragments have historically gone undetected, the researchers determined, suggesting that health concerns linked to plastic pollution may be dramatically underestimated.

The peer-reviewed study, published Monday in the journal Proceedings of the National Academy of Sciences, is the first to evaluate bottled water for the presence of "nanoplastics" - plastic particles under 1 micrometer in length, or one-seventieth the width of a human hair. The findings show that bottled water could contain up to 100 times more plastic particles than previously estimated, as earlier studies only accounted for microplastics, or pieces between 1 and 5,000 micrometers.

Nanoplastics pose a greater threat to human health than microplastics because they're small enough to penetrate human cells, enter the bloodstream and impact organs. Nanoplastics can also pass through the placenta to the bodies of unborn babies. Scientists have long suspected their presence in bottled water, but lacked the technology to identify individual nanoparticles.

To overcome that challenge, the study's co-authors invented a new microscopy technique, programmed a data-driven algorithm and used both to analyze roughly 25 1-liter bottles of water purchased from three popular brands in the US. (The researchers declined to specify which brands.) They found 110,000 to 370,000 tiny plastic particles in each liter, 90% of them nanoplastics

This study provides a powerful tool to address the challenges in analyzing nanoplastics, which holds the promise to bridge the current knowledge gap on plastic pollution at the nano level," says Naixin Qian, the study's lead author and a graduate student of Columbia University in chemistry.

"Previously this was just a dark area, uncharted. Toxicity studies were just guessing what's in there," adds Beizhan Yan, the study's co-author and an environmental chemist at Columbia University. "This opens a window where we can look into a world that was not exposed to us before.

The researchers targeted seven common plastic types, including polyethylene terephthalate (PET), which many water bottles are made from, and polyamide, often used in filters to purify water before it's bottled. But they also discovered many unidentified nanoparticles in the water. If any of those are also nanoplastics, the prevalence of plastic in bottled water could be even higher.

**Continue Page No. 35**

# Chaar Sahibzade



**Amar Kaur Randhawa, USA**

Sri Guru Gobind Singh Ji had four sons, all four sons became martyrs because they didn't want to give up their faith. The elder two, Sahibzada Ajit Singh Ji and Sahibzada Jujhar Singh Ji were killed in the battle of Chamkaur Sahib. The younger ones were beheaded by Wazir Khan. One day, Mata Sahib Kaur Ji asked Guru Gobind Singh Ji about whether he missed his sons. Guru Ji replied,"You are wrong if you think I had only four sons, I have thousands of sons and daughters and in them I see the four I sacrificed. Those four sons were four virtues from the Almighty. Ajit means unconquerable, my Khalsa would rather die fighting than run like a coward. Jujhar means warrior, my Khalsa is powerful and strong. Zorawar means Power, as long as my Khalsa is distinct I will give them all of my power. Fateh is victory, my Khalsa will fight for the Almighty's victory. When I see one Khalsa with these 4 qualities I see all four sons." As the festive period approaches, Sikhs all around the world will be remembering the martyrdom of Guru Gobind Singh's Chaar Sahibzade. In this article you will learn some information about how Guru Gobind Singh and the Sahibzade were separated, and how the older and younger Sahibzade were martyred.

On December 19, 1704, some Mughal officers came to persuade Guru Ji to leave the Anandpur Fort, and that they would let them go wherever they want. Guru Ji was hesitant, but the Sikhs were happy that the Mughals had said that, they wanted to leave the fort very badly, the Mughals said they swear on the holy Quran, and the cow. The Sikhs begged Guru Ji to leave the fort, food was scarce, there was little medicine, or clothes, and many people died. The Guru thought that perhaps it was God's will and he would accept His Hukam. Guru Ji prepared to evacuate the fort. On the night of December 19, 1704, the gates of the Anandpur fort were opened. As the gates opened the Sikhs were confronted with the vastness of the enemy, their lines stretched across the horizon. Unfazed by this the Sikhs remained deep in Naam Simran. They began to leave the fort. Many Sikhs died that night, either fighting the enemy, or drowning in the Sirsa. At the time of Amritvela, Guru Sahib told Bhai Sangat Singh. "It's time for Asa di Var. Let's do Kirtan" Guru Ji said. What an amazing warrior Guru Ji was! An army

of 10 Lakhs are planning to attack Guru Sahib, and He is still blissfully continuing His routine of Nitnem and Asa di Var with the sikhs. Mata Ji and the younger Sahibzade went with Gangu, and the older Sahibzade and went to Chamkaur Sahib with Guru Ji, Mata Sundari Ji went to Delhi with Bhai Mani Singh and a few other sikhs. Countless treasures, including priceless pieces of handwritten Gurbani that Guru Ji wrote were lost forever.

On 20 December, 1704 Guru Sahib and the 40 Singhs camped in the open space in Ropar. Nawab Wazir Khan, announced outside the fort of Chamkaur, "Gobind Singh! If you and your Sikhs come out now, you will be spared!" Guru Sahib replied to this with a rain of arrows. There was silence now in the cold morning. Clouds filled the sky followed by thunder and lightning. The Guru and the Singhs became ready for the battle. There was a chill in the air and it was still dark. A Mughal messenger came to see Guru Sahib to negotiate with the Sikhs. However, Guru Sahib told the messenger to go away or die. Inside the four walls of the mud-fort Guru Sahib declared war. The two Sahibzade and three other archers took up positions, along with Guru Gobind Singh Ji in the upper portion of the fort. Eight Singhs each were deputed to guard each of the four sides. Two expert swordsmen -Bhai Madan Singh and Bhai Kotha Singh - stood to guard the only entrance to the fort. The arrows from the upper story of the fort kept many soldiers at bay. Those who came forward to attack the fort, met piercing arrows. They either died or were forced to go back, or face hand-to-hand fights with Singhs guarding the four sides. Faujdar Nahar Khan was one of those who fell to the arrows of Guru Gobind Singh himself. The battle continued as the enemy continuously attacked all sides of the fort. The battle lasted all day. When the bullets and arrows in the fort almost ran out, the Singhs came out in batches of five, with swords and spears in their hands, to face the enemy that far outnumbered them. Their determination and fighting skill helped them kill many of the enemy, but odds were so heavy against them that they all fell in the field, one by one. They were followed by the next batch of five, charged with emotions of fighting a treacherous enemy. Determined to fight with all their bravery, they too were to give up their lives the same way. Many sikhs pleaded with Guru ji to not send his sons to war, but Guru ji had said that he kept no difference between his Singhs and his sons. "Pita ji, please let me go and fight on the battlefield and grace me with the opportunity to make my life worthy in service of the Khalsa." said Sahibzada Ajit Singh. Guru Gobind Singh hugged his beloved son and gave him a Shastar. Every father wants to see their child get married, but this was the time of fighting. Death was waiting and today Ajit Singh would be marrying death.The sun was about to rise. Guru knew that Nawab Wazir Khan wanted to take hold of the fort of Chamkaur in one attempt. The Nawab surrounded the fort with his army. At this time the Singhs made a request to Guru Sahib that since there might be no chance of escaping the

army later, the Guru should escape with the Sahibzade. However Guru Sahib told them that there is no difference between his Singhs and his Sahibzade. "You are all mine! We will be victorious and we will all be free." Sahibzada Ajit Singh boldly and valiantly came out of the fort, with five other Singhs. Guru watched the battle scene from the top of the fort. There was silence on all four sides. As they came into the battlefield, they roared the Jakara, which sounded like the roar of a lion. Today the five Singhs felt proud that under the leadership of Ajit Singh, they had been blessed with an opportunity to fight on the side of the correct path of Guru Nanak.

Ajit Singh with the five Sikhs advanced swiftly onto the battlefield displaying weaponry skills with great courage and bravery. The enemy was immediately scared and many of the mighty soldiers in the Mughal and Hill forces were slaughtered. The enemy was completely paralyzed and frightened by the strength and sudden impact of the Khalsa unit. While fighting, Ajit Singh's kirpan broke. He then began to fight with a Neja. However, while killing one Mughal chief, it became stuck in his chest. Even then, Ajit Singh remained in bliss and peace. After killing many hundreds of the enemy, the impact of the unit began to diminish and after almost an hour, the enemy began surrounding Sahibzada Ajit Singh from all four sides. Ajit Singh called out, "Come closer if you have courage." The soldiers ran away terrified. Slowly, they began coming back in a larger group because not a single one of them had the courage to individually fight Ajit Singh Ji. The Singhs' weaponry skill on the battlefield reminded the Mughal soldiers of Allah, and they feared for their lives. While fighting, however, one by one the five Singhs were overcome and lost their lives and became martyrs of the Guru. Having seen the valour displayed by his older brother, Jujhar Singh also wanted to follow in his brother's footsteps. He approached Guru Ji "Please, dear father let me go where my brother has gone. Don't say that I am too young. I am your son. I am a Singh, a Lion, of yours. I shall prove worthy of you. I shall die fighting, with my face towards the enemy, with the Naam on my lips and the Guru in my heart." Guru Sahib gave blessings to Jujhar Singh just like a father gives blessings to the bride on the day of her marriage. The Mughal soldiers were traumatized when they saw Jujhar Singh. It looked as if Ajit Singh had come back. Dead bodies lay everywhere.

Sahibzada Jujhar Singh chose to attack another section of the enemy. He had observed the enemy and chose to attack the section who were showing the most aggressiveness against the Sikhs then the rest of the enemy. The enemy did not have any courage to attack this second unit after the fury of the force displayed by Ajit Singh's unit. To them this appeared like the same disaster that had fallen on them an hour ago. They had not even had time to recover from the previous shock and now they had a second wave of the same vibrant energy. This time the enemy was driven even further back, as they thought that the Sikh numbers must have

increased and so many of the enemy deserted the battlefield. This new force of five Khalsa soldiers killed many hundreds of the enemy, many simply ran away. The enemy were stunned by the heavy force of this second attack and had to retreat back. The Guru watched this development with pride and gratefulness to the Almighty and he knew that the Sikhs had learned the lessons of warfare and would soon join the many hundreds of Sikh martyrs. The Almighty had indeed blessed the Sahibzade and the Sikhs with true bravery and deepest understanding of the Guru's Hukam. Slowly, due to the huge number of the enemy, they eventually assembled around Jujhar Singh. He was now surrounded and had a Neja in his hand. Wherever the Neja hit, the enemy was destroyed. He also used a Khanda, with which he killed the enemy as a farmer mows down his crop. Guru Ji saw that Jujhar Singh was being surrounded and the opportunity to kill the Mughal soldiers was decreasing. So Guru Sahib fired arrows in the area around Jujhar Singh giving 'protection fire' to the Sikh soldiers.

Jujhar Singh eventually was able to break the ring of the Mughal army soldiers surrounding him. However, due to the huge number of enemy soldiers, he eventually was martyred, but died a hero's death in the fight against tyranny. The Guru thanked the Almighty, that his children attained martyrdom before his own eyes. They gave their lives so that other children could live in peace and freedom from the oppression by the Mughals. Each Sikh went into battle with such ferocity, like a hungry lion killing its prey, but the hordes overwhelmed them and they fought to the last breath. In conclusion this is how the older Sahibzade were martyred.

When the family was separated at the Sirsa river, the younger Sahibzade and Mata Gujri went with Gangu to his village. On the way Gangu realized that Mata Ji had some gold coins in her bag, so Gangu took them and he reported to the head of the police station to ensure his safety and get a grand prize from the Nawab for turning in the younger Sahibzade and Mata Gujri. Historians wonder if Gangu committed the most dreadful act of treachery is Sikh history. The local officials arrested Mata Gujri and her grandsons, and they spent a night in the jail at Morinda. The following morning the three were escorted to Sirhind in uncomfortable burlap bags, and placed in the Thanda Burj to spend the harsh cold winter nights. Mata Ji advised her grandsons to stay strong and never give up their faith, no matter what. The next morning, the Sahibzade was presented in front of Nawab Wazir Khan's court. A small door was opened so when the Sahibzade went inside, they were forced to bow down to Wazir Khan. But the Sahibzade went in feet first and bent backwards to avoid bowing. The courtroom was surprised as the two Sahibzade roared "Waheguru Ji Ka Khalsa, Waheguru Ji Ki Fateh." Wazir Khan tried to persuade the Sahibzade to accept Islam, by telling them that their Father and brothers had already been murdered. The Sahibzade would not believe any word of Wazir Khan, he then tried to bribe them by

offering them many valuable things. Yet again the Sahibzadey remained steadfast in their faith, and rejected all offers. They smiled at the Governor and replied:

"Sikhism is dearer to us than our lives. Nothing in this world can bribe us to leave our religion. We are kids of a lion Guru Gobind Singh who is determined to infuse courage into the people of all religions to rise against the cruel and tyrant rulers to gain freedom. Our grandfather, Guru Tegh Bahadur laid down his life to defend the right of religious freedom for the sake of the oppressed community of the Hindu Kashmiri Brahmins. Our great great grandfather, Guru Arjun Dev Ji sacrificed himself gladly to the will of God while facing a tortured death under the orders of Emperor Jahangir, to infuse courage in his disciples rather than convert to Islam. We will never bring bad names to the leaders of our faith that gave up their lives for their religion even if we have to face death."

Everyone in the courtroom was left shocked by the bravery shown by the young souls. One of Wazir Khan's advisers, Suchanand, called for a strict and firm punishment, as he felt that if they were left free they would soon later revolt against the Governor. Wazir Khan still preferred to convert the two, so that he would go down in history as the person who converted the two children of the Sikh Guru to Islam, and the fact that this would show that they preferred Islam instead of Sikhi. The Court ended for the day rather quickly, and the Sahibzade were given more time to think over the decision. They returned to the tower to their grandmother, and retold the events of the courtroom. Mata Gujri was proud of the courage of her grandsons, and they had indeed kept the family tradition alive. She warned that the bribes and threats would increase, but they must not lose faith, and they should take inspiration from Bhai Mati Das, Bhai Sati Das, and Bhai Dayala. As Mata Gujri had said, the bribes and threats intensified. She prayed to God that the Sahibzade remained firm in their beliefs, and would not flinch at any cost. The third day the Sahibzade were beaten with thin branches from a special kind of tree, and they were tied to a tree and rocks were shot at them with slingshots. And all of this was just so they change their faith and accept Islam. They tried their best to change the Sahibzade's religion.

The Sahibzade were Guru Gobind Singh's lions so they refused to change their religion. Sher Mohammed Khan was called into court one day, because two of his brothers were killed by the Guru so Wazir Khan thought he would surely want to have his revenge on the Guru's children. But the Khan said he did want to have revenge on the Guru, and he would have it out on the battlefield, but not on his innocent children. And so the Guru's children should be released. Wazir Khan said he would release the children, but Suchanand was mad, he said they should at least ask the children what they were going to do when they were released. The children said they would do what their father is doing, gather up sikhs and fight against tyrants. Upon hearing this Wazir Khan was outraged and he finally

asked the Qazi to suggest a punishment. The Qazi suggested for them to be bricked up alive. But Sher Mohammed Khan felt the punishment went up against the principles of Islam, and walked out of the court, while cursing the Governor for this grave mistake. When Mata Ji heard about this, she said that it was ok, they were only going to suffocate the children, not kill them. But the Sahibzade shared sad, knowing looks as they hugged their grandmother. On 26 December 1704, the Sahibzade were to be bricked up alive. Horses neighed, the weather started to darken, and thunder started to rumble. While the brick wall was being constructed the Qazi and Wazir Khan were still trying to persuade the two to accept Islam, however the Sahibzade were busy reciting Japji Sahib. The brick wall somehow broke on its own, and then the Sahibzade were asked again, if they wanted their lives to be spared, they said no, so they were beheaded. When Mata Gujri heard the fate of her grandchildren, she jumped from the top of the tower, she thought about how she didn't know where her son was, and her husband and four grandchildren were killed, so she decided that there was no place for her in this world anymore. And on that fateful day the young Sahibzade gave their lives, so that the coming generations were able to live in peace. In conclusion, this is how the younger Sahibzade were martyred.

The Sahibzade were very brave souls, they proved to be the valiant sons of their father and grandfather. All of these martyrs died for their religion. What brave souls they were! The only reason the Sahibzade did this was for future generations, for us. Think of Guru Gobind Singh, he gave up his whole family willingly, all for us. In conclusion, we should share Guru Ji's teachings, and we should be grateful for all he has done for us.

.......................................................

## A 1-Litre Bottle Of Water....

The world produces more than 450 million tons of plastics each year, much of which eventually ends up in landfills. The vast majority of plastic does not degrade naturally, but breaks down into smaller pieces over time. Tiny plastic bits are also routinely shed from plastic-containing products while they're in use, including many synthetic fabrics.

While plastic pollution exists everywhere on Earth, bottled water is of particular interest to scientists because of its potential to introduce plastic particles to the human body. A study published in 2022 found that the concentration of microplastics in bottled water was higher than in tap water. A report from 2021 warned that simply opening and closing the cap on a plastic bottle of water can release tiny plastic bits into the liquid.

The co-authors of the latest study say their research won't stop at bottled water. They also plan to investigate nanoplastics in tap water and snow samples collected from western Antarctica. "There is a huge world of nanoplastics to be studied," said Wei Min, another co-author and a biophysicist at Columbia University. "The smaller things are, the more easily they can get inside us."

.......................................................

# ਕਾਵਿ-ਕਿਆਰੀ

## ਰਾਮ ਸਿੰਘ ਜੀ ਰਾਮ ਰਮਾਇਆ ਫੈਲੀ ਚਰਚਾ ਦੇਸ ਮਝਾਰ

**ਪ੍ਰਸਿੱਧ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ**
**ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ**

ਚਾਲ ਸਮੇਂ ਦੀ ਟੇਢੀ ਚਲਦੀ, ਰਹਿੰਦੀ ਨਹੀਂ ਸਦਾ ਇਕ ਸਾਰ।
ਕਦੇ ਛਾਉਂ ਤੇ ਧੁੱਪ ਕਦੇ ਹੋਇ, ਗਰਮੀ ਸਰਦੀ ਰੁੱਤ ਅਨੁਸਾਰ।
ਰਹਿੰਦਾ ਰੰਗ ਨ ਇੱਕੋ ਜਿਹਾ, ਕਰਕੇ ਡਿਠਾ ਖ਼ੂਬ ਵਿਚਾਰ।
ਸ੍ਰੀ ਕਲਗੀਧਰ ਪੰਥ ਸਜਾਇਆ, ਸਭ ਮਜ਼ਬਾਂ ਦੇ ਸਿਰ ਸਰਦਾਰ।
ਧਰਮ ਰੱਖਿਆ ਮੁਲਕੀ ਸੇਵਾ, ਪਾਪ ਦੂਰ ਕਰਨੇ ਦੀ ਕਾਰ।
ਸੌਂਪੀ, ਸਿੰਘ ਸਜਾਇ ਸੱਜੀਲ, ਧਾਂਕ ਪਈ ਸਾਰੇ ਸੰਸਾਰ।
ਨਾਮ, ਦਾਨ, ਇਸ਼ਨਾਨ ਦ੍ਰਿੜਤਾ, ਹੁਬੁਲਵਤਨੀ ਪਰ ਉਪਕਾਰ।
ਏਹੋ ਜੇਹੇ ਸ਼ੁਭ ਗੁਣ ਸਾਰੇ, ਪੰਥ ਤਈਂ ਭਰ ਦਏ ਭੰਡਾਰ।
ਦਸਮ ਪਿਤਾ ਦੀ ਸਿੱਖਿਆ ਉੱਪਰ, ਚਲਦੇ ਰਹੇ ਸਿੰਘ ਬਲ ਭਾਰ।
ਤਦ ਤਕ ਰਹੀ ਪੰਥ ਦੀ ਦਿਣ ਦਿਣ, ਚੜ੍ਹਦੀ ਕਲਾ, ਨ ਆਈ ਹਾਰ।
ਫਸਿਆ ਪੰਥ ਮਾਇਆ ਦੀ ਜਾਲੀਂ, ਗੁਰ ਸਿੱਖਿਆ ਦੇ ਤਈਂ ਵਿਸਾਰ।
ਸਿੱਖ ਰਾਜ ਦਾ ਅੰਤ ਗਿਆ ਹੋ, ਖੋਹ ਬੈਠੇ ਪ੍ਰਤਾਪ ਗਵਾਰ।
ਮਨ ਮੱਤ ਫੈਲੀ ਘਰ ਘਰ ਅੰਦਰ, ਗੁਰਮੱਤ ਉੱਕੀ ਹੋਈ ਉਡਾਰ ਹਿੰਦੂ,
ਮੁਸਲਮ ਅਤੇ ਈਸਾਈ, ਲੱਗੇ ਫਾਹੁਨ ਜਾਲ ਪਸਾਰ।
ਰਾਜ ਤੇਜ਼ ਦਾ ਘਾਟਾ ਇੱਕ ਧਿਰ, ਤਰਫ਼ ਦੂਸਰੀ ਮਜ਼੍ਹਬੀ ਮਾਰ।
ਜਾਂਦਾ ਪੰਥ ਰਸਾਤਲ ਵੱਲੇ, ਜੇ ਕਰ ਕੋਈ ਨ ਲੈਂਦਾ ਸਾਰ।
ਐਨ ਸਮੇਂ ਸਿਰ ਭੈਣੀ ਅੰਦਰ, ਸੂਰਜ ਸਿੱਖੀ ਹੋ ਚਮਕਾਰ।
ਚਾਰੋਂ ਤਰਫ਼ ਫੈਲਾਈਆਂ ਰਿਸ਼ਮਾਂ, ਲੱਗਾ ਦੂਰ ਹੋਣ ਅੰਧਕਾਰ
ਬਰਖਾ ਹੋਣ ਨਾਮ ਦੀ ਲੱਗੀ, ਹਰੀ ਭਰੀ ਦਿੱਸੀ ਗੁਲਜ਼ਾਰ।
ਰਾਮ ਸਿੰਘ ਜੀ ਰਾਮ ਰਮਾਇਆ, ਫੈਲੀ ਚਰਚਾ ਦੇਸ ਮਝਾਰ
ਸਾਧ ਸੰਤ ਖੁਸ਼ ਥਾਂ-ਥਾਂ ਹੋਏ, ਦੋਖੀ ਦੁਸ਼ਮਨ ਹੋਇ ਲਾਚਾਰ
ਦੇਸ ਪੰਜਾਬ ਵਿੱਚ ਕਰ ਦੌਰੇ, ਲਹਿਰ ਚਲਾਈ ਨਾਮ ਅਪਾਰ।
ਚੋਰੀ ਡਾਕੇ ਠਾਕੇ ਕਰਨੋ, ਕੀਤਾ ਫਿਰ ਕੇ ਦੇਸ਼ ਸੁਧਾਰ।
ਲਹਿਰ ਅਜ਼ਾਦੀ ਦੀ ਕਰ ਜਿੰਦਾ, ਸ੍ਵਦੇਸ਼ੀ ਦਾ ਕਰ ਪਰਚਾਰ।
ਕਾਇਆ ਪਲਟੀ ਵਿੱਚ ਦਿਨ੍ਹਾਂ ਦੇ, ਗੁਰਮੱਤ ਫੈਲੀ ਘਰ ਘਰ ਬਾਰ।
ਬੇੜਾ ਪੰਥ ਬਚਾਇਆ ਬਾਬੇ, ਡੁੱਬਣ ਦਿੱਤਾ ਨ ਮੰਝਧਾਰ।
ਵਰਨਣ ਕੀਤੇ ਜਾਨ ਨ ਸਾਰੇ, ਬਾਬਾ ਜੀ ਦੇ ਸ਼ੁਭ ਉਪਕਾਰ।

ਬੱਚਿਆਂ ਦਾ ਪੰਨਾ

# ਜਦ ਵੀ ਬੋਲੋ, ਮਿੱਠਾ ਬੋਲੋ

ਪ੍ਰੋ. ਅੱਛਰੂ ਸਿੰਘ

ਇਕ ਵਾਰ ਇਕ ਨੇਤਰਹੀਣ ਫ਼ਕੀਰ ਜੰਗਲ ਵਿਚ ਬਣੀਂ ਆਪਣੀ ਝੌਂਪੜੀ ਅੱਗੇ ਬੈਠਾ ਧੁੱਪ ਸੇਕ ਰਿਹਾ ਸੀ। ਉੱਥੋਂ ਲੰਘ ਰਹੇ ਇਕ ਆਦਮੀ ਨੇ ਉਸ ਨੂੰ ਸੰਬੋਧਨ ਹੁੰਦਿਆਂ ਕਿਹਾ, "ਓਏ ਅੰਨ੍ਹਿਆਂ, ਇੱਧਰੋਂ ਕੋਈ ਵਿਅਕਤੀ ਤਾਂ ਨਹੀਂ ਲੰਘਿਆ?" ਫ਼ਕੀਰ ਚੁੱਪ ਰਿਹਾ। "ਓਏ ਬੂਬਨਿਆਂ! ਸੁਣਿਆਂ ਨਹੀਂ, ਮੈਂ ਤੈਨੂੰ ਕੀ ਪੁੱਛਿਆ?" ਉਸ ਵਿਅਕਤੀ ਨੇ ਪੂਰੀ ਆਕੜ ਨਾਲ ਦੁਬਾਰਾ ਪੁੱਛਿਆ। ਫ਼ਕੀਰ ਨੇ ਨਿਮਰਤਾ ਸਹਿਤ ਜਵਾਬ ਦਿੱਤਾ ਕਿ ਉਸਦੇ ਖ਼ਿਆਲ ਅਨੁਸਾਰ ਉੱਧਰੋਂ ਕੋਈ ਨਹੀਂ ਲੰਘਿਆ। ਫਿਰ ਇਕ ਹੋਰ ਵਿਅਕਤੀ ਨੇ ਆ ਕੇ ਫ਼ਕੀਰ ਨੂੰ ਪੁੱਛਿਆ, "ਮਹਾਰਾਜ, ਕੀ ਤੁਸੀਂ ਮੈਨੂੰ ਇਹ ਦੱਸਣ ਦੀ ਕਿਰਪਾ ਕਰੋਗੇ ਕਿ ਇੱਧਰੋਂ ਕੋਈ ਆਦਮੀ ਤਾਂ ਨਹੀਂ ਲੰਘਿਆ?" ਫ਼ਕੀਰ ਨੇ ਪਹਿਲਾਂ ਵਾਂਗ ਹੀ ਨਿਮਰਤਾ ਨਾਲ ਜਵਾਬ ਦਿੱਤਾ, "ਹਾਂ ਸ਼੍ਰੀਮਾਨ, ਇਕ ਵਿਅਕਤੀ ਲੰਘਿਆ ਹੈ ਤੇ ਉਸਨੇ ਮੈਥੋਂ ਤੁਹਾਡੇ ਵਾਲਾ ਪ੍ਰਸ਼ਨ ਹੀ ਪੁੱਛਿਆ ਸੀ।" ਫਿਰ ਇਕ ਤੀਜਾ ਵਿਅਕਤੀ ਆਇਆ ਤੇ ਫ਼ਕੀਰ ਨੂੰ ਬਹੁਤ ਹੀ ਨਿਮਰਤਾ ਨਾਲ ਨਮਸਕਾਰ ਕਰਕੇ, ਉਸਨੇ ਅਤਿ- ਹੀ ਸਤਿਕਾਰ ਨਾਲ ਪਹਿਲੇ ਦੋ ਵਿਅਕਤੀਆਂ ਵਾਲਾ ਪ੍ਰਸ਼ਨ ਦਹੁਰਾਇਆ ਤੇ ਫ਼ਕੀਰ ਨੇ ਪੂਰੀ ਨਿਮਰਤਾ ਨਾਲ ਉਸਦੇ ਪ੍ਰਸ਼ਨ ਦਾ ਉੱਤਰ ਦੇ ਦਿੱਤਾ। ਉਸ ਤੋਂ ਜਲਦੀ ਹੀ ਬਾਅਦ ਉੱਥੇ ਇਕ ਚੌਥਾ ਵਿਅਕਤੀ ਪਹੁੰਚ ਗਿਆ। ਉਸਨੇ ਸਭ ਤੋਂ ਪਹਿਲਾਂ ਫ਼ਕੀਰ ਨੂੰ ਪ੍ਰਣਾਮ ਕਰਕੇ ਉਸਦੇ ਚਰਨੀਂ ਹੱਥ ਲਾਏ, ਫਿਰ ਉਸਦੇ ਕੋਲ ਬੈਠ ਕੇ ਬੜੇ ਹੀ ਨਿੱਘ ਨਾਲ ਉਸਦਾ ਹਾਲ-ਚਾਲ ਪੁੱਛਿਆ ਤੇ ਫਿਰ ਪਹਿਲਾਂ ਵਾਲੇ ਵਿਅਕਤੀਆਂ ਵਾਲਾ ਪ੍ਰਸ਼ਨ ਦਹੁਰਾਇਆ। ਫ਼ਕੀਰ ਨੇ ਬੜੀ ਹੀ ਨਿਮਰਤਾ ਨਾਲ ਕਿਹਾ, "ਬਾਦਸ਼ਾਹ ਸਲਾਮਤ! ਸਭ ਤੋਂ ਪਹਿਲਾਂ ਇੱਧਰ ਇਕ ਪਾਗਲ ਵਿਅਕਤੀ, ਫਿਰ ਇਕ ਅੱਛੀ ਬੁੱਧੀ ਅਤੇ ਅੱਛੀ ਤਾਲੀਮ ਵਾਲਾ ਵਿਅਕਤੀ ਤੇ ਉਸ ਤੋਂ ਬਾਅਦ ਇਕ ਬਹੁਤ ਹੀ ਖ਼ਾਨਦਾਨੀ, ਤਹਿਜ਼ੀਬਯਾਫ਼ਤਾ ਅਤੇ ਸੂਝਵਾਨ ਵਿਅਕਤੀ ਇੱਧਰ ਦੀ ਗੁਜ਼ਰੇ ਹਨ। ਉਨ੍ਹਾਂ ਸਭ ਨੇ ਤੁਹਾਡੇ ਵਾਲਾ ਪ੍ਰਸ਼ਨ ਹੀ ਪੁੱਛਿਆ ਸੀ, ਬਾਦਸ਼ਾਹ ਸਲਾਮਤ।"

ਬਾਦਸ਼ਾਹ ਫ਼ਕੀਰ ਦਾ ਉੱਤਰ ਸੁਣ ਕੇ ਸ਼ਸ਼ੋਪੰਜ ਵਿਚ ਪੈ ਗਿਆ ਤੇ ਉਸਨੇ ਹੈਰਾਨ ਹੁੰਦਿਆਂ ਫ਼ਕੀਰ ਨੂੰ ਪੁੱਛਿਆ, "ਮਹਾਰਾਜ! ਤੁਸੀਂ ਨੇਤਰਹੀਣ ਹੋ ਪਰ ਫਿਰ ਵੀ ਤੁਸੀਂ ਇਹ ਕਿਵੇਂ ਪਛਾਣ ਲਿਆ ਕਿ ਮੈਂ ਇਕ ਬਾਦਸ਼ਾਹ ਹਾਂ ਤੇ ਪਹਿਲਾਂ ਵਾਲੇ ਵਿਅਕਤੀ ਕੌਣ ਸਨ?" ਫ਼ਕੀਰ ਨੇ ਉੱਤਰ ਦਿੱਤਾ, "ਬਾਦਸ਼ਾਹ ਸਲਾਮਤ। ਕੋਈ ਮਨੁੱਖ ਕਿਹੋ ਜਿਹਾ ਹੈ, ਕੌਣ ਹੈ, ਕਿੰਨੇ ਕੁ ਪਾਣੀ ਵਿਚ ਹੈ ਅਤੇ ਕਿੰਨੀ ਕੁ ਅਕਲ ਦਾ ਮਾਲਕ ਹੈ- ਇਨ੍ਹਾਂ ਸਭ ਗੱਲਾਂ ਦਾ ਪਤਾ ਉਸਦੇ ਤੌਰ-ਤਰੀਕਿਆਂ ਅਤੇ ਗੱਲ ਕਰਨ ਦੇ ਲਹਿਜ਼ੇ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਵੱਡੇ, ਸਿਆਣੇ ਅਤੇ ਭਰੇ ਬੰਦੇ ਕਦੀ ਵੀ ਕਿਸੇ ਨੂੰ ਰੁੱਖਾ ਨਹੀਂ ਬੋਲਦੇ, ਕਿਸੇ ਦਾ ਅਪਮਾਨ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਕਿਸੇ ਦੀ ਕਮਜ਼ੋਰੀ ਦਾ ਮਜ਼ਾਕ ਨਹੀਂ ਉਡਾਉਂਦੇ ਅਤੇ ਕਿਸੇ ਵੀ ਗੱਲ ਦਾ ਅਭਿਮਾਨ ਨਹੀਂ ਕਰਦੇ। ਜਦ ਵੀ ਬੋਲਦੇ ਹਨ, ਜਿਸ ਨੂੰ ਵੀ ਬੋਲਦੇ ਹਨ ਅਤੇ ਜਿੱਥੇ ਵੀ ਬੋਲਦੇ ਹਨ, ਮਿੱਠਾ ਬੋਲਦੇ ਹਨ। ਮੈਂ ਹਰ ਵਿਅਕਤੀ ਦੀ ਬੋਲ-ਬਾਣੀ ਤੋਂ ਹੀ ਉਸਦਾ ਖ਼ਾਸਾ ਪਛਾਣ ਲੈਂਦਾ ਹਾਂ।"

ਬਾਦਸ਼ਾਹ ਦਾ ਸ਼ੰਕਾ ਹੋਰ ਵੀ ਵਧ ਗਿਆ ਅਤੇ ਉਸਨੇ ਫ਼ਕੀਰ ਨੂੰ ਨਿਮਰਤਾ ਨਾਲ ਪੁੱਛਿਆ, "ਮਹਾਰਾਜ ! ਕੀ ਇਹ ਜਰੂਰੀ ਹੈ ਕਿ ਕੇਵਲ ਬਾਦਸ਼ਾਹ ਹੀ ਨਿਮਰ ਹੋਵੇ? ਬਹੁਤ ਸਾਰੇ ਸਧਾਰਣ ਵਿਅਕਤੀ ਵੀ ਤਾਂ ਮਿਠਾਸ ਅਤੇ ਨਿਮਰਤਾ ਦੇ ਮੁਜੱਸਮੇ ਹੁੰਦੇ ਹਨ? ਉਨ੍ਹਾਂ ਬਾਰੇ ਤੁਸੀਂ ਕੀ ਕਹੋਗੇ?" ਫ਼ਕੀਰ ਨੇ ਬੜੇ ਠਰ੍ਹਮੇਂ ਨਾਲ ਉੱਤਰ ਦਿੱਤਾ, "ਮੇਰੀਆਂ ਨਜ਼ਰਾਂ ਵਿਚ ਹਰ ਉਹ ਵਿਅਕਤੀ ਜਿਸਦੇ ਵਰਤਾਉ ਵਿਚ ਨਿਮਰਤਾ, ਸੁਭਾਅ ਵਿਚ ਹਲੀਮੀ ਅਤੇ ਸ਼ਬਦਾਂ ਵਿਚ ਮਿਠਾਸ ਹੋਵੇ, ਬਾਦਸ਼ਾਹ ਹੀ ਹੈ। ਅਜਿਹੇ ਵਿਅਕਤੀ ਦੁਨਿਆਵੀ ਤੌਰ 'ਤੇ ਭਾਵੇਂ ਅਮੀਰ, ਵਜ਼ੀਰ ਜਾਂ ਬਾਦਸ਼ਾਹ ਨਾ ਵੀ ਹੋਣ ਤਾਂ ਵੀ ਉਹ ਕਿਸੇ ਵਜ਼ੀਰ ਜਾਂ ਬਾਦਸ਼ਾਹ ਤੋਂ ਘੱਟ ਨਹੀਂ ਹੁੰਦੇ। ਉਹ ਰੱਬ ਦੇ ਦਰ ਵੀ ਪ੍ਰਵਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਜਗ ਵੀ ਸ਼ੋਭਾ ਕਰਦਾ ਹੈ। ਦੂਜੇ ਪਾਸੇ, ਜੇਕਰ ਕੋਈ ਅਮੀਰ ਅਤੇ ਉੱਚੇ ਅਹੁਦੇ 'ਤੇ ਬਿਰਾਜਮਾਨ ਵਿਅਕਤੀ ਅਭਿਮਾਨ ਦਾ ਸ਼ਿਕਾਰ, ਤਹਿਜ਼ੀਬ ਤੋਂ ਕੋਰਾ ਅਤੇ ਮਾਣ-ਮਰਿਯਾਦਾ ਤੋਂ ਸੱਖਣਾ ਹੈ ਤਾਂ ਉਸ ਨੂੰ ਬਿਲਕੁਲ ਗੰਵਾਰ ਅਤੇ ਕੰਗਾਲ ਹੀ ਸਮਝਿਆ ਜਾਣਾ ਚਾਹੀਦਾ ਹੈ।"

ਬਾਦਸ਼ਾਹ ਪਹਿਲਾਂ ਹੀ ਬਹੁਤ ਨਿਮਰ ਸੀ, ਪਰ ਫ਼ਕੀਰ ਦੇ ਸ਼ਬਦਾਂ ਨੇ ਉਸ ਨੂੰ ਹੋਰ ਵੀ ਨਿਮਰ ਬਣਾ ਦਿੱਤਾ ਤੇ ਉਹ ਹਮੇਸ਼ਾ ਇਹੀ ਗੁਣਗੁਣਾਉਂਦਾ ਰਹਿੰਦਾ:

ਐਸੀ ਬਾਨੀ ਬੋਲੀਏ, ਮਨ ਕਾ ਆਪਾ ਖੋਏ,
ਔਰਨ ਕੋ ਸੀਤਲ ਕਰੇ, ਆਪਹਿ ਸੀਤਲ ਹੋਏ।

# ਸੁੱਚੇ – ਮੋਤੀ

ਮੈਨੂੰ ਰਤੀ ਅਪਸੋਸ ਨਹੀਂ ਹੋਵੇਗਾ ਜੇ ਲੋਕ ਮੇਰੇ ਗੁਣਾਂ ਤੋਂ ਨਾਵਾਕਫ਼ ਰਹਿਣ ਪਰ ਮੈਨੂੰ ਬੜਾ ਦੁੱਖ ਹੋਵੇਗਾ ਜੇ ਮੈਂ ਕਿਸੇ ਗੁਣਵਾਨ ਦੇ ਗੁਣਾਂ ਤੋਂ ਅਗਿਆਤ ਰਹਿ ਜਾਵਾਂ।

**ਕਨਫਿਊਸ਼ੱਸ**

ਪਿਆਰ ਨਾਲ ਘਿਰਣਾ ਨੂੰ ਜਿੱਤੋ। ਲਾਲਚੀਆਂ ਨੂੰ ਸਖ਼ਾਵਤ ਨਾਲ, ਝੂਠਿਆਂ ਨੂੰ ਸੱਚ ਨਾਲ। ਘਿਰਣਾ ਖ਼ਤਮ ਨਹੀਂ ਹੁੰਦੀ। ਘਿਰਣਾ ਪਿਆਰ ਨਾਲ ਖ਼ਤਮ ਹੁੰਦੀ ਹੈ।

**ਮਹਾਤਮਾ ਬੁੱਧ**

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ।

**ਪ੍ਰਿੰ. ਤੇਜਾ ਸਿੰਘ**

ਮਨੁੱਖ ਨੂੰ ਮਨੁੱਖ ਤੋਂ ਘਿਰਣਾ ਜਿਹਾ ਵੱਡਾ ਪਾਪ ਤੇ ਜ਼ੁਲਮ ਹੋਰ ਹੈ ਹੀ ਕੋਈ ਨਹੀਂ।

**ਅਰਜਨ ਸਿੰਘ ਗੜਗੱਜ**

ਸਿਰਫ ਨੇਕ ਹੀ ਨਾ ਬਣੋ, ਕਿਸੇ ਨਾਲ ਨੇਕੀ ਕਰੋ ਵੀ।

**ਥਰੀਓ**

ਕਿੰਨਾ ਅੱਛਾ ਹੋਏ ਜੇ ਅਸੀਂ ਨੇਕ ਬਣਨ ਲਈ ਉਸੇ ਤਰ੍ਹਾਂ ਹੀ ਕੋਸ਼ਿਸ਼ ਕਰੀਏ ਜਿਸ ਤਰ੍ਹਾਂ ਖੂਬਸੂਰਤ ਬਣਨ ਲਈ ਕਰਦੇ ਹਾਂ।

**ਹਾਵਰਡ**

ਚੰਗਿਆਈ ਕਰਨ ਦੀ ਖ਼ਾਹਿਸ਼ ਆਪਣੇ ਆਪ ਵਿੱਚ ਇਕ ਸਵਰਗੀ ਅਵਸਥਾ ਹੈ।

**ਗੁਰਬਖ਼ਸ਼ ਸਿੰਘ**

ਚੁੱਪ ਮੂਰਖਾਂ ਦੀ ਸਮਝ ਹੈ ਤੇ ਸਿਆਣਿਆਂ ਦੇ ਗੁਣਾਂ ਵਿਚੋਂ ਇਕ ਗੁਣ।

**ਬੋਨਾਰਡ**

ਚੁੱਪ ਵਾਰਤਾਲਾਪ ਦੀ ਇਕ ਮਹਾਨ ਕਲਾ ਹੈ। ਉਹ ਮੂਰਖ਼ ਨਹੀਂ ਹੈ ਜੋ ਇਹ ਜਾਣਦਾ ਹੈ ਕਿ ਕਿਸ ਵੇਲੇ ਚੁੱਪ ਰਹਿਣਾ ਹੈ।

**ਵਿਲੀਅਮ ਹੈਜ਼ਲਿਟ**

ਤੁਹਾਡੀ ਚਰਿੱਤਰ ਉਹ ਹੈ ਜੋ ਕੁਝ ਤੁਸੀਂ ਹਨੇਰੇ ਵਿੱਚ ਹੁੰਦੇ ਹੋ।

**ਡਵਾਈਟ ਐਲ, ਮੂਡੀ ਸਰਮਨਜ਼**

# ਖ਼ਬਰਨਾਮਾ

## ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਮੇਲਾ

ਨਾਮਧਾਰੀ ਪੰਥ ਦੇ ਗੱਦੀਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਆਗਿਆ ਅਨੁਸਾਰ ਸ੍ਰੀ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਯਾਦ ਦੇ ਨਾਲ ਪੂਜਨੀਕ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਸਲਾਨਾ ਮੇਲਾ ਸ਼ਹੀਦੀ ਸਮਾਗਮ ਦੇ ਤੌਰ ਤੇ ਮਨਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੀ ਯਾਦ ਵਿੱਚ ਸਭਨਾਂ ਨੇ ਆਦਰ ਅਤੇ ਸਤਿਕਾਰ ਸਹਿਤ ਉਹਨਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ। ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਸੂਬਾ ਸਵਿੰਦਰ ਸਿੰਘ ਜੀ ਮੀਰਮੀਰਾਂ ਅਤੇ ਗਿਆਨੀ ਜੋਗਿੰਦਰ ਸਿੰਘ ਲੁਧਿਆਣਾ ਦੀ ਅਗਵਾਈ ਵਿੱਚ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਫਤਿਗੜ੍ਹ ਸਾਹਿਬ ਵਿਖੇ ਲੁਧਿਆਣਾ ਦੇ ਜਥੇ ਵਲੋਂ ਗੁਰਸੇਵਕ ਸਿੰਘ ਅਤੇ ਹਰਨਾਮ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ। ਦੀਵਾਨਾਂ ਦੀ ਸ਼ੁਰੂਆਤ ਜਥੇਦਾਰ ਨਿਰਮਲ ਸਿੰਘ ਭੋਇਵਾਲੀ ਤੋਂ ਬਾਅਦ ਜਥੇ. ਬਲਦੇਵ ਸਿੰਘ ਲੁਧਿਆਣਾ ਸਮੇਤ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਕ੍ਰਮਵਾਰ ਸਾਧ-ਸੰਗਤ ਨੂੰ ਗੁਰ ਇਤਿਹਾਸ ਸਰਵਨ ਕਰਵਾਇਆ।

ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਆਪਣੇ ਜਥੇ ਸਮੇਤ ਦੀਵਾਨ ਸਜਾਇਆ ਤਾਂ ਗਿਆਨੀ ਜੋਗਿੰਦਰ ਸਿੰਘ ਜੀ ਨੇ ਆਪਣੀ ਹੱਲੇ ਦੇ ਦੀਵਾਨ ਦੀ ਧਾਰਨਾ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਨੂੰ ਤਾਜਾ ਕੀਤਾ। ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਨੇ ਨਾਮ-ਸਿਮਰਨ ਦੀ ਅਰਦਾਸ ਉਪਰੰਤ ਕਥਾ ਦੁਆਰਾ ਸਾਧ ਸੰਗਤ ਨੂੰ ਨਿਹਾਲ ਕੀਤਾ। ਸੂਬਾ ਹਰਭਜਨ ਸਿੰਘ ਜੀ ਲੁਧਿਆਣਾ ਅਤੇ ਦਾਸ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਪੁਸਪ ਭੇਟ ਕੀਤੇ। ਨਾਮਧਾਰੀ ਧਰਮਸ਼ਾਲਾ ਦੇ ਮਹੰਤ ਸਤਨਾਮ ਸਿੰਘ ਨੇ ਸਮੇਤ ਪਰਿਵਾਰ ਸਾਧ ਸੰਗਤ ਦੀ ਸੇਵਾ ਤਨ-ਮਨ ਨਾਲ ਕੀਤਾ। ਸੂਬਾ ਬਲਦੇਵ ਸਿੰਘ ਯਮਨਾ ਨਗਰ ਵੀ ਪੂਰੇ ਜਥੇ ਸਮੇਤ ਹਾਜ਼ਰੀ ਭਰਨ ਲਈ ਪਹੁੰਚੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਗਿਆਨੀ ਜੋਗਿੰਦਰ ਸਿੰਘ ਲੁਧਿਆਣਾ ਵਲੋਂ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਵਲੋਂ ਇਸ ਸ਼ਹੀਦੀ ਮੇਲੇ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਕੀਤੀ ਗਈ। ਇਲਾਕਾ ਨਿਵਾਸੀ ਸਾਧ ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਧਰਮ ਦੀ ਖਾਤਰ ਸ਼ਹੀਦੀ ਪ੍ਰਾਪਤ ਕਰਨ ਵਾਲੇ ਸੂਰਬੀਰਾਂ ਨੂੰ ਯਾਦ ਕੀਤਾ ਗਿਆ। ਸਵੇਰੇ ਅੰਮ੍ਰਿਤ ਵੇਲੇ ਸ਼ਹੀਦਾਂ ਦੀ ਯਾਦ ਵਿੱਚ 4 ਹਵਨ ਵੀ ਕੀਤੇ ਗਏ ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਅਸਟ੍ਰੇਲੀਆ ਦੀ ਸਾਧ ਸੰਗਤ ਵੱਲੋਂ ਮੇਲਾ

ਮੈਲਬੋਰਨ (ਅਸਟ੍ਰੇਲੀਆ) ਦੀ ਨਾਮਧਾਰੀ ਸਗੰਤ ਵੱਲੋਂ ਹਰ ਸਾਲ ਦੀ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਤੇ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਵਿੱਚ ੧੦ਵਾਂ ਅਖੰਡ ਪਾਠ 'ਗੁਰੂ ਜਗਜੀਤ ਮੰਦਿਰ' ਵਿੱਚ ੨੩ ਦਸੰਬਰ ੨੦੨੩ ਨੂੰ ਅਰੰਭ ਕੀਤਾ, ਜਿਸ ਦਾ ਭੋਗ ੨੫ ਦਸੰਬਰ ਨੂੰ ਪਾਇਆ ਗਿਆ। ਇਸ ਸਮਾਗਮ ਵਿੱਚ ਅਸਟਰ੍ਰੇਲੀਆ ਦੇ ਬਾਕੀ ਸ਼ਹਿਰਾਂ ਬ੍ਰਿਸਬੇਨ, ਪਰਥ, ਸਿਡਨੀ, ਐਡੀਲੇਡ ਆਦਿ ਹੋਰ ਸ਼ਹਿਰਾਂ ਵਿੱਚੋਂ ਨਾਮਧਾਰੀ ਸੰਗਤ ਨੇ ਦਰਸ਼ਨ ਦਿੱਤੇ, ਉੱਥੇ ਨਾਲ ਹੀ ਇੰਡੀਆਂ (ਭਾਰਤ) ਵਿੱਚੋਂ ਵੀ ਸੰਗਤ ਨੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।

ਇਸ ਸਮਾਗਮ ਵਿੱਚ ਸੁਖਵਿੰਦਰ ਸਿੰਘ ਲਾਇਲ ਜੋ ਕਿ ਬਹੁਤ ਪ੍ਰਭਾਵਸ਼ਾਲੀ ਵਕਤਾ, ਰਾਗੀ ਹਨ, ਜਥੇਦਾਰ ਹਨ- ਉਨਾਂ ਨੇ ਵੀ ਦਰਸ਼ਨ ਦਿੱਤੇ ਅਤੇ ਅਪਣੀ ਵਿਦਵਤਾ ਅਨੁਸਾਰ ਤਿੰਨੋਂ ਦਿਨ ਕਥਾ ਕੀਰਤਨ ਕਰਕੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰਾਂ ਅਤੇ ਉਨਾਂ ਦੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਬਾਰੇ ਬਹੁਤ ਹੀ ਵਿਸਥਾਰ ਨਾਲ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਜਥੇਦਾਰ ਜੀ ਨੇ ਦੱਸਿਆ ਕਿ ਕਿਵੇਂ ਮੁਗਲ ਬਾਦਸ਼ਾਹ ਔਰੰਗਜੇਬ ਪਹਾੜੀ ਰਾਜਿਆਂ ਨੂੰ ਅਪਣੇ ਨਾਲ ਮਿਲਾਕੇ ਸਿੱਖਾਂ ਉੱਪਰ ਅਤਾਹ

ਜ਼ੁਲਮ ਢਾਹ ਰਿਹਾ ਸੀ। ਆਨੰਦਪੁਰ ਸਾਹਿਬ ਦੇ ਕਿਲੇ ਨੂੰ ਖਾਲੀ ਕਰਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਫ਼ੌਜ ਭੇਜ ਕੇ ਕਿਲੇ ਨੂੰ ਘੇਰਾ ਪਾ ਦਿੱਤਾ। ਜੋ ਅੱਠ ਮਹੀਨੇ ਰਿਹਾ। ਖਾਣ ਪੀਣ ਅਤੇ ਹੋਰ ਲੁੜੀਂਦੀਆਂ ਵਸਤਾਂ ਵੀ ਅਦੰਰ ਨਾ ਆਉਣ ਦਿੱਤੀਆਂ। ਸਿੱਖ ਭੁੱਖੇ ਮਰਨ ਲੱਗੇ। ਕਈ ਬੇਦਾਵਾ ਲਿੱਖ ਕੇ ਦੇ ਗਏ ਕਿ ਤੁਸੀਂ ਸਾਡੇ ਗੁਰੂ ਨਹੀਂ ਅਸੀਂ ਤੁਹਾਡੇ ਸਿੱਖ ਨਹੀਂ। ਅਖੀਰ ਗੁਰੂ ਜੀ ਨੇ ਮੁਗਲਾਂ ਨੇ ਲੋਭ ਵੱਸ ਹੋ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਸੋਹਾਂ ਖਾਣ ਕਰਕੇ ੬ ਪੋਹ ਨੂੰ ਆਨੰਦ ਪੁਰ ਦਾ ਕਿਲਾ ਛੱਡ ਦਿੱਤਾ। ੭ ਪੋਹ ਦੀ ਸੁਵੇਰੇ ਸਰਸਾ ਨਦੀ ਦੇ ਕਿਨਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ੮ ਪੋਹ ਨੂੰ ਚਮਕੌਰ ਦੀ ਗੜ੍ਹੀ ਵਿੱਚ ਮੁਗਲਾਂ ਨਾਲ ਘਮਸਾਨ ਦਾ ਯੁੱਧ ਹੋਇਆ। ਗੁਰੂ ਜੀ ਨਾਲ ਕੇਵਲ ੪੦ ਸਿੰਘ ਸਨ ਜੋ ਕਿ ਕਾਫ਼ੀ ਦਿਨਾਂ ਦੇ ਭੁੱਖੇ ਸਨ ਅਤੇ ਮੁਗਲਾਂ ਦੀ ਫ਼ੌਜ ੧੦ ਲੱਖ ਦੇ ਕਰੀਬ ਸੀ।

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਪੰਜ ਪਿਆਰੇ ਸਾਜਨ ਵੇਲੇ ਐਸੀ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ ਕਿ ਇਕ ਇਕ ਸਿੱਖ ਸਵਾ ਸਵਾ ਲੱਖ ਮੁਗਲੀ ਫ਼ੌਜ ਨਾਲ ਲੜਨ ਲਈ ਤਿਆਰ ਹੋ ਗਿਆ "ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥" ਸੋ ੮ ਪੋਹ ਨੂੰ ਹੋਈ ਜੰਗ ਵਿੱਚ ੩ ਪਿਆਰੇ ੨ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਅਤੇ ੩੪ ਸਿੰਘ ਸ਼ਹੀਦ ਹੋਏ ਜਦ ਕਿ ਲੱਖਾਂ ਦੀ ਗਿਣਤੀ ਵਿੱਚ ਮੁਗਲਾਂ ਦੀ ਫ਼ੌਜ ਮਾਰੀ ਗਈ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੁਰੂ ਗੋਬਿੰਦ ਸਿੰਘ ਜੀ ਕੀ ਕਹਿੰਦੇ ਹਨ ਕਿਸੇ ਕਵੀ ਨੇ ਲਿਖਿਆ ਹੈ ਕਿ –

"ਮੈਂ ਤਾ ਛਾਤੀ ਅਜੀਤ ਦੀ ਨਾਪਦਾ ਸਾਂ,
ਕਿੰਨੇ ਫੱਟ ਤਲਵਾਰ ਦੇ ਇਹ ਖਾ ਸਕਦੈ।
ਜੁਝਾਰ ਸਿੰਘ ਦੇ ਕੱਦ ਨੂੰ ਨਾਪਦਾ ਸਾਂ,
ਕਿੰਨੀਆਂ ਗੋਲੀਆਂ ਸੀਨੇ ਚ ਖਾ ਸਕਦੈ।
ਪਾਲ ਪੋਸ ਖੁਰਾਕ ਨਾਲ ਸਾਹਿਬ ਜਾਦੇ,
ਬਲੀ ਦੇਣ ਲਈ ਅੱਜ ਮੰਗਵਾ ਲਏ ਨੇ।
ਕੋਈ ਕਹੇ ਨਾ ਸਿੰਘ ਮਰਵਾ ਕੇ ਤੇ,
ਕਲਗੀ ਵਾਲੇ ਨੇ ਬੱਚੇ ਬੱਚਾ ਲਏ ਨੇ ॥"

ਅਤੇ "ਕੀ ਲਿਖੇ ਕੋਈ ਗੜ੍ਹੀ ਚਮਕੌਰ ਬਾਰੇ, ਜਿੱਥੇ ਸੁੱਤਾ ਏ ਅਜੀਤ ਜੁਝਾਰ ਤੇਰਾ। ਹੱਥੋਂ ਕਲਮਾ ਡਿੱਗ ਪੈਂਦੀਆਂ ਬਾਜ਼ਾਂ ਵਾਲਿਆਂ ਵੇ, ਚਿਣਿਆ ਵੇਖ ਕੇ ਨੀਂਹਾਂ 'ਚ ਪਰਿਵਾਰ ਤੇਰਾ। ਜਥੇਦਾਰ ਜੀ ਨੇ ਨਾਲੋਂ ਨਾਲ ਜੋਸ਼ ਭਰੀਆਂ ਧਾਰਨਾ ਪੜ੍ਹੀ ਜਾਣ ਅਤੇ ਇਤਿਹਾਸ ਬਾਰੇ ਵੀ ਦੱਸਦੇ ਜਾਣ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵੀ ਬੜੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਗੰਗੂ ਰਸੋਈਏ ਨੇ ਕੁਝ ਕੁ ਮੋਹਰਾ ਦੀ ਖਾਤਿਰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਵਜੀਰਖਾਨ ਕੋਲ ਕੈਦ ਕਰਵਾਏ ਅਤੇ ਕਿੰਨੇ ਜ਼ੁਲਮ ਢਾਹੇ ਉਸ ਪਾਪੀ ਵਜੀਰਖਾਨ ਨੇ- ਸੁਣਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ, ਦਿਲ ਕੰਬ ਉੱਠਦਾ ਹੈ।

ਕਿਸੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਸਾਹਿਬਜ਼ਾਦਿਆਂ ਦੇ ਵਿਚਾਰ ਇਵੇਂ ਲਿੱਖੇ ਹਨ- "ਹਮ ਜਾਨ ਦੇਕੇ ਔਰੋਂ ਕੀ ਜਾਨੇ ਬੱਚਾ ਚਲੇ। ਸਿੱਖੀ ਨੀਂਵ ਹਮ ਸੀਰੋਂ ਪਰ ਉਠਾ ਚਲੇ।" ਅਤੇ ਇਕ ਹੋਰ ਨੇ ਵੀ ਲਿਖਿਆ ਹੈ ਕਿ- ਲਾੜੀ ਮੌਤ ਨੇ ਨਾ ਫਰਕ ਆਉਣ ਦਿੱਤਾ, ਚੌਹਾਂ ਵੀਰਾਂ ਦੇ ਗੂੜ੍ਹੇ ਪਿਆਰ ਅੰਦਰ।

ਤੱਕਦਾ ਰਿਹਾ ਬਾਪੂ ਕੱਚੇ ਕਿਲੇ ਅੰਦਰੋਂ,
ਕਿੰਨਾ ਬਲ ਹੈ ਨਿੱਕੀ ਤਲਵਾਰ ਅੰਦਰ।
ਕਿੰਨੀਆਂ ਖਾਦੀਆਂ ਸੱਟਾਂ ਅਜੀਤ ਸਿੰਘ ਨੇ,
ਕਿੰਨੇ ਖੁੱਬੇ ਨੇ ਤੀਰ ਜੁਝਾਰ ਅੰਦਰ।
ਦਾਦੀ ਤੱਕਿਆ ਬੁਰਜ ਦੀ ਝੀਤ ਵਿੱਚੋਂ,
ਫੁੱਲ ਲੁੱਕ ਗਏ ਨੇ ਇੱਟਾਂ ਦੇ ਭਾਰ ਅੰਦਰ।
ਅਰਸ਼ੋਂ ਦਾਦੇ ਸ਼ਹੀਦ ਨੇ ਝਾਤ ਪਾਈ,
ਕਿੰਨਾਂ ਸਿਦਕ ਹੈ ਮੇਰੇ ਇਸ ਪਰਿਵਾਰ ਅੰਦਰ।
ਜੂਝੇ ਕਿਸ ਤਰਾਂ ਧਰਮ ਤੋਂ ਸਾਹਿਬਜ਼ਾਦੇ,
ਦੋ ਮੈਦਾਨ ਅੰਦਰ ਦੋ ਦੀਵਾਰ ਅੰਦਰ।

ਫਿਰ ਛੋਟੇ ਛੋਟੇ ਬੱਚਿਆਂ ਨੇ ਵੀ ਬਹੁਤ ਵਧੀਆ ਕੀਰਤਨ ਕੀਤਾ। ਹਰਵਿੰਦਰ ਸਿੰਘ ਜੀ ਨੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਕਵਿਤਾ ਸੁਣਾਈ। ਐਡੀਲੇਡ ਤੋਂ ਆਏ ਸੰਤ ਜਗਤਾਰ ਸਿੰਘ ਜੀ ਨੇ ਕਵਿਤਾ ਸੁਨਾਉਣ ਦੇ ਨਾਲ ਹੱਲੇ ਦਾ ਦੀਵਾਨ ਵੀ ਲਗਾਇਆ।

ਲੁਧਿਆਣੇ ਤੋਂ ਗਿਆਨੀ ਜੋਗਿੰਦਰ ਸਿੰਘ ਜੀ ਦੇ ਨੌਜਵਾਨ ਸਪੁੱਤਰ ਸੁਖਜਿੰਦਰ ਸਿੰਘ (ਮੰਗਾ) ਜੀ ਨੇ ਵੀ ਬਹੁਤ ਹੀ ਰਸਮਈ ਹੱਲੇ ਦਾ ਦੀਵਾਨ ਲਗਾਕੇ ਸੰਗਤਾਂ ਨੂੰ ਨਿਹਾਲ ਕੀਤਾ। ਮੰਗਾ ਜੀ ਨੇ ਪੂਰੀ ਜੋਸ਼ੀਲੀ ਬੁਲੰਦ ਆਵਾਜ਼ ਵਿੱਚ ਏਹ ਧਾਰਨਾ ਪੜੀ "ਪੁੱਤਰਾਂ ਨੂੰ ਵਾਰ ਕੇ ਸਿੱਖੀ ਦਾ ਬੂਟਾ ਲਾਇਆ" ਅਤੇ "ਕਬੀਰ ਮੋਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ॥"

ਫਿਰ ਸ਼ਮਿੰਦਰ ਸਿੰਘ ਨੇ ਵੀ ਸਟੇਜ ਦੀ ਜ਼ੁੰਮੇਵਾਰੀ ਸੰਭਾਲਦਿਆਂ ਏਹ ਦੱਸਿਆ ਕਿ ਕਿਵੇਂ ਮੈਲਬੋਰਨ ਦੇ ਨੌਜਵਾਨ

ਸਾਧ ਸੰਗਤ ਦੇ ਸਹਿਯੋਗ ਨਾਲ ਪਿਛਲੇ ਦੱਸ ਸਾਲਾਂ ਤੋਂ ਬੜੀ ਹੀ ਸ਼ਰਧਾ ਭਾਵਨਾ ਨਾਲ ਇਹ ਅਖੰਡ ਪਾਠਾਂ ਅਤੇ ਹੋਰ ਵੀ ਪ੍ਰੋਗਰਾਮਾਂ ਵਿੱਚ ਵੱਧ ਚੜ ਕੇ ਸਾਥ ਦਿੰਦੇ ਆ ਰਹੇ ਹਨ। ਇੰਨਾਂ ਨੌਜਵਾਨਾਂ ਉੱਤੇ ਸਤਿਗੁਰੂ ਜੀ ਦੀ ਆਪਾਰ ਕ੍ਰਿਪਾ ਹੈ ਕਿ ਇਹ ਤਨ ਮਨ ਧਨ ਨਾਲ ਸੇਵਾ ਕਰਦੇ ਆ ਰਹੇ ਹਨ। ਇਸ ਦੇ ਨਾਲ ਹੀ ਸਵਿੰਦਰ ਸਿੰਘ ਨਾਮਧਾਰੀ ਜੋ ਕਿ ਬ੍ਰਿਸਬੇਨ ਤੋਂ ਆ ਕੇ ਇਸ ਮਹਾਨ ਯੱਗ ਵਿੱਚ ਹਾਜ਼ਰੀ ਭਰੀ ਅਤੇ ਨੌਜਵਾਨਾਂ ਦੇ ਉੱਦਮਾਂ ਦੀ ਭਰਪੂਰ ਸ਼ਲਾਘਾ ਕੀਤੀ।

ਅਖੀਰ ਵਿੱਚ ਸੂਬਾ ਸਤਨਾਮ ਸਿੰਘ ਜੀ ਦੂਰੋਂ ਨੇੜਿਉਂ ਆਈ ਸਾਧ-ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਨੌਜਵਾਨਾਂ ਨੂੰ ਗੁਰ ਮਰਿਯਾਦਾ ਦੇ ਧਾਰਨੀ ਹੋ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਢਾਲਨ ਲਈ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਵਲੀ ਵਿਚ ਪ੍ਰੇਰਿਤ ਕੀਤਾ ਅਤੇ ਨੌਜਵਾਨਾਂ ਦੀ ਸੇਵਾ ਭਾਵਨਾ ਨੂੰ ਵੇਖਦਿਆਂ ਸ਼ਾਬਾਸੀ ਵੀ ਖ਼ੂਬ ਦਿੱਤੀ। ਸੂਬਾ ਜੀ ਨੇ ਇਸ ਮਹਾਨ ਯੱਗ ਵਿੱਚ ਉਚੇਚੇ ਤੋਰ ਤੇ ਆਏ ਵਿਸ਼ੇਸ਼ ਪ੍ਰਾਹੁਣੇ ਜੋ ਭਾਰਤ ਤੋਂ ਆਏ ਹਨ- ਉਹ ਹਨ ਸਾਹਿਬਾਬਾਦ ਤੋਂ ਪ੍ਰਧਾਨ ਰਣਜੀਤ ਸਿੰਘ ਜੀ, ਸੰਤ ਗੁਰਮੁੱਖ ਸਿੰਘ ਜੀ ਫੋਟੋਗ੍ਰਾਫਰ ਦਿੱਲੀ ਤੋਂ ਲੁਧਿਆਣੇ ਤੋਂ ਕੁਲਵੰਤ ਸਿੰਘ ਸਪੁੱਤਰ ਜਥੇਦਾਰ ਗੁਰਚਰਨ ਸਿੰਘ ਜੀ, ਸੁਖਦੇਵ ਸਿੰਘ ਹਮੀਦਾ ਸਪੁਤੱਰ ਸੰਤ ਵੀਰ ਸਿੰਘ ਜੀ ਯਮੁਨਾ ਨਗਰ, ਬਲਕਾਰ ਸਿੰਘ ਸਪੁੱਤਰ ਪ੍ਰਧਾਨ ਬਲਵੰਤ ਸਿੰਘ ਜੀ ਯਮੁਨਾ ਨਗਰ ਤੋਂ- ਇਹ ਸਭ ਪਰਿਵਾਰਾਂ ਸਮੇਤ ਆਏ ਹੋਏ ਅਤੇ ਪਰਥ, ਸਿਡਨੀ, ਐਡੀਲੇਡ ਤੋਂ ਆਏ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਕਾ ਲੰਗਰ ਰਾਤ ਦਿਨ ਚੱਲਦਾ ਰਿਹਾ।

**ਸਵਿੰਦਰ ਸਿੰਘ ਨਾਮਧਾਰੀ**

.........................................................

## ਜਲੰਧਰ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਖੰਡ ਪਾਠ ਦਾ ਪ੍ਰਵਾਹ

ਦਰਸਨ ਕੀ ਪਿਆਸ ਜਿਸੁ ਨਰ ਹੋਇ॥
ਏਕਤੁ ਰਾਚੈ ਪਰਹਰਿ ਦੋਇ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ॥
ਗੁਰਮੁਖਿ ਬੂਝੈ ਏਕ ਸਮਾਇ॥

ਨਾਮਧਾਰੀ ਸੰਗਤ ਜਲੰਧਰ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਨਮਿਤ ਪੂਰਨ ਮਰਿਆਦਾ ਸਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਅਰੰਭਤਾ **ਮਿਤੀ 15 ਦਸੰਬਰ 2023** ਨੂੰ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਜਲੰਧਰ ਵਿਖੇ ਕੀਤੀ ਗਈ। ਅਖੰਡ ਪਾਠ ਦੀ ਅਰੰਭਤਾ ਦੀ ਅਰਦਾਸ ਸੂਬਾ ਸੰਦੀਪ ਸਿੰਘ ਜੀ ਕਰੀਵਾਲਾ ਵਲੋਂ ਕੀਤੀ ਗਈ। ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਆਏ ਪਾਠੀ ਸਿੰਘਾਂ ਨੇ ਅਖੰਡ ਪਾਠ ਦਾ ਪੂਰਨ ਸ਼ੁਧ ਉਚਾਰਨ ਕੀਤਾ ਗਿਆ। ਇਸ ਨਿਰੰਤਰ ਬਾਣੀ ਦੇ ਪ੍ਰਵਾਹ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਗੁਰਬਾਣੀ ਸਰਵਣ ਕੀਤੀ। ਇਸ ਅਲੌਕਿਕ ਅਤੇ ਸਤਜੁਗੀ ਵਾਤਾਵਰਨ ਨੇ ਜਿਥੇ ਹਾਜ਼ਰ ਸੰਗਤ ਦੇ ਮਨਾਂ ਵਿੱਚ ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਦੀ ਤਾਂਘ ਅਤੇ ਤਲਬ ਨੂੰ ਹੋਰ ਪ੍ਰਚੰਡ ਕੀਤਾ ਓਥੇ ਹੀ ਇਸ ਨੂੰ ਹੋਰ ਜ਼ਿਆਦਾ ਸ਼ਿਦਤ ਨਾਲ ਸੰਗਤ ਦੇ ਦਿਲਾਂ ਵਿੱਚ ਮਜ਼ਬੂਤ ਕੀਤਾ।

ਰੋਜ਼ਾਨਾ ਦੀ ਤਰ੍ਹਾਂ **15-16 ਦਸੰਬਰ 2023** ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜੱਥੇਦਾਰ ਸੰਤ ਬਲਬੀਰ ਸਿੰਘ ਜੀ ਅਤੇ ਉਨ੍ਹਾਂ ਦੇ ਜੱਥੇ ਵਲੋਂ ਕੀਤਾ ਗਿਆ। ਮਿਤੀ **17 ਦਸੰਬਰ 2023** ਨੂੰ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ (ਵਾਰੇ ਦੇ ਰੂਪ) ਵਿੱਚ ਕੀਰਤਨ ਸੰਤ ਸਤਨਾਮ ਸਿੰਘ, ਸ੍ਰੀ ਭੈਣੀ ਸਾਹਿਬ ਵਲੋਂ ਕੀਤਾ ਗਿਆ। ਇਸ ਵਿੱਚ ਸੂਬਾ ਸੰਦੀਪ ਸਿੰਘ ਅਤੇ ਸਥਾਨਕ ਨੌਜਵਾਨਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ।

ਮਿਤੀ **16 ਦਸੰਬਰ 2023** ਨੂੰ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਥਾਨਕ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਪ੍ਰਮੁੱਖਤਾ ਨਾਲ ਹਿੱਸਾ ਲਿਆ। ਇਸ ਪ੍ਰਭਾਤ ਫੇਰੀ ਵਿੱਚ ਤਕਰੀਬਨ 5 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਗਿਆ। ਇਸ ਪ੍ਰਭਾਤ ਫੇਰੀ ਦਾ ਵਿਸ਼ੇਸ਼ ਆਕਰਸ਼ਣ ਸੂਬਾ ਸੰਦੀਪ ਸਿੰਘ ਜੀ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਨਮਿਤ ਗਾਈਆਂ ਪੁਰਾਤਨ ਰੀਤਾਂ ਦੇ ਸ਼ਬਦਾਂ ਨੇ ਸੰਗਤਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਪ੍ਰਭਾਤ ਫੇਰੀ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ।

**15-16 ਦਸੰਬਰ 2023** ਸ਼ਾਮ ਨੂੰ 7 ਵਜੇ ਤੋਂ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਜਲੰਧਰ ਵਿਖੇ ਨਾਮ ਸਿਮਰਨ ਕੀਤਾ ਗਿਆ ਜਿਸ ਦੌਰਾਨ ਸੂਬਾ ਸੰਦੀਪ ਸਿੰਘ ਨੇ ਗੁਰੂ ਜੱਸ ਸਰਵਣ ਕਰਾਇਆ। ਮਾਹੌਲ ਐਸਾ ਹੋ ਨਿਬੜਿਆ ਕਿ ਜਿਸ ਕੁੱਝ ਕੁ ਗੁਰੂ ਪਿਆਰਿਆਂ ਦਾ ਮਸਤਾਨਾ ਹੋਣਾ ਕੁਦਰਤੀ ਅਤੇ ਸੁਭਾਵਿਕ ਸੀ। ਇਕ ਅਲੱਗ ਤਰ੍ਹਾਂ ਦਾ

ਮਾਹੌਲ ਹੋ ਨਿਬੜਿਆ।ਨਾਮ ਸਿਮਰਨ, ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਮਿਤੀ 17 ਦਸੰਬਰ 2023 ਨੂੰ ਸਵੇਰੇ 8 ਵਜੇ ਅਖੰਡ ਪਾਠ, ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ 6 ਸਧਾਰਨ ਪਾਠ, 2 ਪਾਠ ਜਿਸ ਜਿਸ ਮਨੋਭਾਵਨਾਵਾਂ ਨਾਲ ਕੀਤੇ ਗਏ, 102235 ਮੂਲਮੰਤਰ ਦੇ ਪਾਠ, 6940 ਚੌਪਈ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਸੂਬਾ ਸੰਦੀਪ ਸਿੰਘ ਜੀ ਨੇ ਤਕਰੀਬਨ 2 ਘੰਟੇ ਮਨੋਹਰ ਦੀਵਾਨ ਸੰਗਤ ਦੀ ਭਰਪੂਰ ਹਾਜ਼ਰੀ ਵਿੱਚ ਸਜਾਇਆ। ਸੰਗਤ ਨੇ ਇੱਕ ਚਿੱਤ ਹੋ ਪੂਰੀ ਇਕਾਗਰਤਾ ਨਾਲ ਇਸ ਮਨੋਹਰ ਗੁਰੂ ਜੱਸ ਦਾ ਲਾਹਾ ਲਿਆ। ਪ੍ਰੋਗਰਾਮ ਦੀ ਸੰਪਨਤਾ ਦੀ ਅਰਦਾਸ ਸੂਬਾ ਸੰਦੀਪ ਸਿੰਘ ਜੀ ਨੇ ਕੀਤੀ। ਦੀਵਾਨ ਦੀ ਸਮਾਪਤੀ ਉਪਰੰਤ ਸੰਤ ਜਤਿੰਦਰਪਾਲ ਸਿੰਘ ਚਿੰਕਾ ਅਤੇ ਸੂਬਾ ਜਸਬੀਰ ਸਿੰਘ, ਪੱਦੀ ਖਾਲਸਾ ਨੇ ਜਿਥੇ ਸੂਬਾ ਸੰਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ, ਪਾਠੀ ਸਿੰਘਾਂ, ਆਈਆਂ ਸੰਗਤਾਂ ਦਾ ਧੰਨਵਾਦ ਕੀਤਾ, ਓਥੇ ਹੀ ਉਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਬਚਨ ਅਤੇ ਆਪਣੇ ਉਹਨਾਂ ਦੀ ਸ਼ਰਨ ਹੰਢਾਏ ਪਲਾਂ ਦੀ ਯਾਦ ਵੀ ਸੰਗਤ ਨਾਲ ਸਾਂਝੀ ਕੀਤੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਇਸ ਸਾਰੇ ਪ੍ਰੋਗਰਾਮ ਦੇ ਪ੍ਰਬੰਧਨ,ਆਯੋਜਨ ਵਿੱਚ ਸੰਤ ਜਤਿੰਦਰ ਪਾਲ ਸਿੰਘ ਚਿੰਕਾ, ਸੰਤ ਸੁਖਮਿੰਦਰ ਸਿੰਘ ਸੁੱਖੂ, ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਜਲੰਧਰ, ਸੰਤ ਅਮਰਜੀਤ ਸਿੰਘ ਸੇਠੀ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੋਧ ਦੇ ਲੰਗਰ ਦੀ ਸੇਵਾ, ਪਾਠੀ ਸਿੰਘਾਂ ਦੀ ਰਿਹਾਇਸ਼ ਦੇ ਪ੍ਰਬੰਧ ਦੀ ਸੇਵਾ ਸੰਤ ਅਮਰੀਕ ਸਿੰਘ ਜੀ (ਸੰਤ ਜਤਿੰਦਰ ਪਾਲ ਸਿੰਘ ਚਿੰਕਾ ਦੇ ਪਿਤਾ ਜੀ) ਦੇ ਪਰਿਵਾਰ ਵਲੋਂ ਕੀਤੀ ਗਈ। ਇਹ ਸਾਰਾ ਪ੍ਰੋਗਰਾਮ ਨਵੀਆਂ ਪੈੜਾਂ ਪਾਉਂਦਾ ਹੋਇਆ ਨਿਰਵਿਘਨ ਸਫਲਤਾ ਸਹਿਤ ਸੰਪਨ ਹੋਇਆ। ਐਨੀ ਕੜਾਕੇ ਦੀ ਠੰਢ ਵਿੱਚ ਨੌਜਵਾਨਾਂ ਦਾ ਜੋਸ਼ ਆਪ ਮੁਹਾਰਾ ਸੀ। ਬੀਬੀਆਂ ਨੇ ਬਹੁਤ ਵੱਡੀ ਗਿਣਤੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਬਹੁਤ ਪ੍ਰਭਾਵਸ਼ਾਲੀ ਰਿਹਾ ਇਹ ਉਪਰਾਲਾ। ਇਹ ਸੰਗਤ ਵਾਸਤੇ ਇੱਕ ਹਲੂਣਾ ਹੋ ਨਿਬੜਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਸੇ ਤਰ੍ਹਾਂ ਆਪਣੇ ਸਿੱਖਾਂ ਉੱਤੇ ਬਖਸ਼ਿਸ਼, ਕਿਰਪਾ ਬਣਾਈ ਰੱਖਣ, ਇਸ ਤਰ੍ਹਾਂ ਦੇ ਉੱਦਮ ਹੁੰਦੇ ਰਹਿਣ।

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥

**ਨਰੈਣ ਸਿੰਘ ਜਲੰਧਰ**

.....................................................

## Matrimonial

**Namdhari boy**
Birth- March-1995
Height-6'3"
Educational Qualification- B.Tech (IP university,Delhi)
Post graduation in Data science and machine learning scientists.
Job- Data scientist in NEC India.
Ramgarhia family.
Residence in UP
Contact no. 9990003463

.....................................................

**Name- Gurpreet Singh**
D.O.B- 1992
Qualification- 8
Height- 5
Caste- Jatt (Virk)
Zameen- 4 Kille
Home – Lakhimpur (U.P)
Number- 7800397171

.....................................................

## ਬਸੰਤ ਅੰਕ ਬਾਰੇ ਸੂਚਨਾ

**ਲਿਖਾਰੀ ਸੱਜਣਾ ਨੂੰ ਬੇਨਤੀ ਹੈ ਕਿ ਇਸ ਸਾਲ ਦੇ ਬਸੰਤ ਅੰਕ ਵਾਸਤੇ ਆਪਣੀਆਂ ਕੀਮਤੀ ਰਚਨਾਵਾਂ ਸਤਿਜੁਗ ਦੇ ਪਤੇ ਤੇ ਭੇਜੋ ਤਾਂ ਕਿ ਅੰਕ ਨਿਰਧਾਰਿਤ ਸਮੇਂ ਅੰਦਰ ਤਿਆਰ ਹੋ ਸਕੇ ਇਸ ਸਾਲ ਵੱਖ-ਵੱਖ ਵਿਸ਼ਿਆ ਨਾਲ ਸੰਬੰਧਿਤ ਲੇਖ ਕਵਿਤਾਵਾਂ ਲਿਖਾਰੀ ਭੇਜ ਸਕਦੇ ਹਨ।**

**Email- satjug@sribhainisahib.com**
**What's App No- 99147-02201**



ਜਲੰਧਰ ਦੀ ਸਾਧ ਸੰਗਤ ਵੱਲੋਂ
ਅਖੰਡ ਪਾਠ ਦੇ ਭੋਗ ਸਮੇਂ ਕਰਵਾਏ ਮੇਲੇ ਦੀਆਂ
ਯਾਦਗਾਰੀ ਤਸਵੀਰਾਂ









Date of Publication: 21 January 2024
Date of Posting: 23 January 2024

RNI NO.55658/93
LDM/008/2021-2023

ਸੋ ਜੀ ਸਾਰਾ ਮਤਲਬ ਏਹੁ ਹੈ
ਬਾਣੀ ਬੀ ਪੜਨੀ ਤੇ ਭਜਨੁ ਬੀ ਕਰਨਾ,
ਅਰ ਮੰਗਣਾ ਬੀ ਏਹੋ ਗੁਰੂ ਜੀ ਤੇ
ਨਾਮੁ ਤੇ ਸਿਦਕੁ।
ਸਿਦਕੁ ਏਸੁ ਦਾ ਨਾਉ ਹੈ ਕਦੇ ਨਾ ਫਿਰੀਏ
ਗੁਰੂ ਜੀ ਤੇਰੇ ਹੁਕਮੁ ਤੇ।
ਏਹੁ ਬਚਨ ਤਾ ਇਕ ਦੇ ਬਾਸਤੇ ਨਹੀ
ਸਭ ਦੇ ਬਾਸਤੇ ਹਨ।

-ਹੁਕਮਨਾਮਾ 32

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.